ਸੋਮਵਾਰ, 13 ਮਈ, 2024
31 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 343

ਨਵਾਂ ਜ਼ਮਾਨਾ

DAILY NAWAN ZAMANA • MONDAY, 13 MAY, 2024

ਜਲੰਧਰ

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

ਚੌਥੇ ਗੇੜ ਦੀ ਪੋਲਿੰਗ ਅੱਜ

ਨਵੀਂ ਦਿੱਲੀ : ਲੋਕ ਸਭਾ ਚੋਣਾਂ ਦੇ ਚੌਥੇ ਗੇੜ ਲਈ 10 ਰਾਜਾਂ/ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿਚ ਪੈਂਦੇ 96 ਹਲਕਿਆਂ ਲਈ ਸੋਮਵਾਰ ਨੂੰ ਵੋਟਾਂ ਪੈਣਗੀਆਂ। ਇਨ੍ਹਾਂ ਵਿਚ ਤਿਲੰਗਾਨਾ ਦੀਆਂ 17, ਆਂਧਰਾ ਦੀਆਂ 25, ਯੂ ਪੀ ਦੀਆਂ 13, ਬਿਹਾਰ ਦੀਆਂ 5, ਝਾਰਖੰਡ ਦੀਆਂ 4, ਮੱਧ ਪ੍ਰਦੇਸ਼ ਦੀਆਂ 8, ਮਹਾਰਾਸ਼ਟਰ ਦੀਆਂ 11, ਓਡੀਸ਼ਾ ਦੀਆਂ 4, ਪੱਛਮੀ ਬੰਗਾਲ ਦੀਆਂ 8 ਤੇ ਜੰਮੂ-ਕਸ਼ਮੀਰ ਦੀ ਇਕ ਸੀਟ ਸ਼ਾਮਲ ਹਨ। ਪਿਛਲੀ ਵਾਰ ਇਨ੍ਹਾਂ 96 ਵਿੱਚੋਂ ਭਾਜਪਾ ਨੇ 40 ਸੀਟਾਂ ਜਿੱਤੀਆਂ ਸਨ। ਇਸ ਗੇੜ ਵਿਚ ਸਮਾਜਵਾਦੀ ਪਾਰਟੀ ਦੇ ਪ੍ਰਧਾਨ ਅਖਿਲੇਸ਼ ਯਾਦਵ, ਕੇਂਦਰੀ ਮੰਤਰੀ ਗਿਰੀਰਾਜ ਸਿੰਘ, ਟੀ ਐੱਮ ਸੀ ਆਗੂ ਮਹੂਆ ਮੋਇਤਰਾ ਤੇ ਏ ਆਈ ਐੱਮ ਆਈ ਐੱਮ ਮੁਖੀ ਅਸਦੂਦੀਨ ਓਵੈਸੀ ਦੀ ਸਿਆਸੀ ਕਿਸਮਤ ਦਾ ਫੈਸਲਾ ਹੋਵੇਗਾ।

175 ਮੈਂਬਰੀ ਆਂਧਰਾ ਪ੍ਰਦੇਸ਼ ਅਸੈਂਬਲੀ ਲਈ ਵੀ ਪੋਲਿੰਗ ਹੋਵੇਗੀ। ਆਂਧਰਾ ਪ੍ਰਦੇਸ਼ ਵਿਚ ਸੱਤਾਧਾਰੀ ਵਾਈ ਐੱਸ ਆਰ ਸੀ, ਕਾਂਗਰਸ ਦੀ ਅਗਵਾਈ ਵਾਲੇ ਇੰਡੀਆ ਗੱਠਜੋੜ ਤੇ ਐੱਨ ਡੀ ਏ ਵਿਚਾਲੇ ਤਿਕੋਣਾ ਮੁਕਾਬਲਾ ਹੈ। ਐੱਨ ਡੀ ਏ ਵਿਚ ਭਾਜਪਾ, ਚੰਦਰਬਾਬੂ ਨਾਇਡੂ ਦੀ ਅਗਵਾਈ ਵਾਲੀ ਟੀ ਡੀ ਪੀ ਤੇ ਪਵਨ ਕਲਿਆਣ ਦੀ ਸਰਪ੍ਰਸਤੀ ਵਾਲੀ ਜਨ ਸੈਨਾ ਪਾਰਟੀ ਸ਼ਾਮਲ ਹੈ।

ਓਡੀਸ਼ਾ ਦੀਆਂ 28 ਅਸੈਂਬਲੀ ਸੀਟਾਂ ਲਈ ਵੀ ਇਸੇ ਗੇੜ ਵਿਚ ਪੋਲਿੰਗ ਹੋਵੇਗੀ। 96 ਲੋਕ ਸਭਾ ਸੀਟਾਂ ਲਈ 1717 ਉਮੀਦਵਾਰ ਚੋਣ ਪਿੜ ਵਿਚ ਹਨ। 1.92 ਲੱਖ ਪੋਲਿੰਗ ਸਟੇਸ਼ਨਾਂ 'ਤੇ 19 ਲੱਖ ਤੋਂ ਵੱਧ ਪੋਲਿੰਗ ਅਧਿਕਾਰੀ ਤਾਇਨਾਤ ਕੀਤੇ ਗਏ ਹਨ। ਚੌਥੇ ਗੇੜ ਵਿਚ 17.70 ਕਰੋੜ ਤੋਂ ਵੱਧ ਲੋਕ ਵੋਟ ਪਾਉਣ ਦੇ ਯੋਗ ਹਨ ਤੇ ਇਨ੍ਹਾਂ ਵਿਚੋਂ ਮਹਿਲਾ ਵੋਟਰਾਂ ਦੀ ਗਿਣਤੀ 8.73 ਕਰੋੜ ਹੈ। ਜਿਨ੍ਹਾਂ ਕੁਝ ਸੀਟਾਂ 'ਤੇ ਸਭ ਦੀਆਂ ਨਜ਼ਰਾਂ ਹਨ, ਉਨ੍ਹਾਂ ਵਿਚ ਕਨੌਜ (ਯੂ ਪੀ) ਤੋਂ ਯੂ ਪੀ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ, ਬੇਗੂਸਰਾਏ (ਬਿਹਾਰ) ਤੋਂ ਕੇਂਦਰੀ ਮੰਤਰੀ ਗਿਰੀਰਾਜ ਸਿੰਘ, ਉਜਿਆਰਪੁਰ (ਬਿਹਾਰ) ਤੋਂ ਨਿੱਤਿਆਨੰਦ ਰਾਏ ਤੇ ਜਾਲਨਾ (ਮਹਾਰਾਸ਼ਟਰ) ਤੋਂ ਰਾਓਸਾਹਿਬ ਦਾਨਵੇ ਸ਼ਾਮਲ ਹਨ। ਇਸੇ ਤਰ੍ਹਾਂ ਕਾਂਗਰਸੀ ਆਗੂ ਅਧੀਰ ਰੰਜਨ ਚੌਧਰੀ ਤੇ ਟੀ ਐੱਮ ਸੀ ਤੋਂ ਸਾਬਕਾ ਕ੍ਰਿਕਟਰ ਯੂਸਫ ਪਠਾਨ ਪੱਛਮੀ ਬੰਗਾਲ ਦੇ ਬਹਿਰਾਮਪੁਰ ਤੋਂ ਉਮੀਦਵਾਰ ਹਨ। ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਕੁਮਾਰ ਟੈਣੀ, ਜਿਸ ਦਾ ਪੁੱਤਰ 2021 ਦੇ ਲਖੀਮੁਪਰ ਖੀਰੀ ਹਿੰਸਾ ਕੇਸ ਵਿਚ ਮੁਲਜ਼ਮ ਹੈ, ਖੀਰੀ ਤੋਂ ਹੈਟ੍ਰਿਕ ਲਾਉਣ ਲਈ ਮੈਦਾਨ ਵਿਚ ਹੈ। ਸ਼ਤਰੂਘਨ ਸਿਨਹਾ ਦਾ ਪੱਛਮੀ ਬੰਗਾਲ ਦੇ ਆਸਨਸੋਲ ਹਲਕੇ ਵਿਚ ਭਾਜਪਾ ਉਮੀਦਵਾਰ ਐੱਸ ਐੱਸ ਆਹਲੂਵਾਲੀਆ ਨਾਲ ਮੁਕਾਬਲਾ ਹੈ।

ਆਂਧਰਾ ਅਸੰਬਲੀ ਲਈ ਵੀ ਵੋਟਾਂ ਪੈਣਗੀਆਂ

ਝਾਰਖੰਡ ਦੇ ਮੰਤਰੀ ਨੂੰ ਈ ਡੀ ਨੇ ਪਰਸੋਂ ਸੱਦਿਆ

ਰਾਂਚੀ : ਈ ਡੀ ਨੇ ਭ੍ਰਿਸ਼ਟਾਚਾਰ ਦੇ ਇਕ ਮਾਮਲੇ 'ਚ ਪੁੱਛ-ਪੜਤਾਲ ਲਈ ਝਾਰਖੰਡ ਦੇ ਪੇਂਡੂ ਵਿਕਾਸ ਮੰਤਰੀ ਅਤੇ ਕਾਂਗਰਸ ਆਗੂ ਆਲਮਗੀਰ ਆਲਮ ਨੂੰ 14 ਮਈ ਲਈ ਸੰਮਨ ਭੇਜੇ ਹਨ। ਜਾਂਚ ਏਜੰਸੀ ਨੇ ਪਿਛਲੇ ਹਫਤੇ ਆਲਮ ਦੇ ਨਿੱਜੀ ਸਕੱਤਰ ਅਤੇ ਪ੍ਰਦੇਸ਼ ਪ੍ਰਸ਼ਾਸਕੀ ਸੇਵਾ ਦੇ ਅਧਿਕਾਰੀ ਸੰਜੀਵ ਕੁਮਾਰ ਲਾਲ ਅਤੇ ਉਸ ਦੇ ਨੌਕਰ ਜਹਾਂਗੀਰ ਆਲਮ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਸੀ ਜਦੋਂ ਉਨ੍ਹਾਂ ਨਾਲ ਸੰਬੰਧਤ ਇਕ ਫਲੈਟ 'ਚੋਂ 32 ਕਰੋੜ ਤੋਂ ਜ਼ਿਆਦਾ ਦੀ ਨਕਦੀ ਬਰਾਮਦ ਹੋਈ ਸੀ।

ਦਿੱਲੀ ਦੇ ਦੋ ਹਸਪਤਾਲਾਂ ਨੂੰ ਬੰਬ ਦੀ ਧਮਕੀ

ਨਵੀਂ ਦਿੱਲੀ : 150 ਤੋਂ ਵੱਧ ਸਕੂਲਾਂ ਨੂੰ ਬੰਬ ਦੀ ਧਮਕੀ ਤੋਂ ਬਾਅਦ ਐਤਵਾਰ ਦਿੱਲੀ ਦੇ ਦੋ ਹਸਪਤਾਲਾਂ ਨੂੰ ਈਮੇਲ ਰਾਹੀਂ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਪੁਲਸ ਦੇ ਡਿਪਟੀ ਕਮਿਸ਼ਨਰ (ਉੱਤਰੀ) ਐਮ ਕੇ ਮੀਨਾ ਨੇ ਕਿਹਾ ਕਿ ਬੁਰਾੜੀ ਹਸਪਤਾਲ ਨੂੰ ਬੰਬ ਦੀ ਧਮਕੀ ਬਾਰੇ ਇੱਕ ਈਮੇਲ ਮਿਲੀ ਸੀ। ਸਥਾਨਕ ਪੁਲਸ, ਬੰਬ ਸਕੁਐਡ, ਡੌਗ ਸਕੁਐਡ ਮੌਕੇ 'ਤੇ ਪਹੁੰਚੇ। ਕੁਝ ਵੀ ਸ਼ੱਕੀ ਚੀਜ਼ ਨਹੀਂ ਮਿਲੀ। ਸੰਜੇ ਗਾਂਧੀ ਹਸਪਤਾਲ ਨੂੰ ਵੀ ਬੰਬ ਦੀ ਧਮਕੀ ਮਿਲੀ।

48 ਕਿਲੋ ਹੈਰੋਇਨ ਬਰਾਮਦਗੀ ਮਾਮਲੇ 'ਚ 10 ਹੋਰ ਗ੍ਰਿਫ਼ਤਾਰ

ਜਲੰਧਰ (ਸ਼ੈਲੀ ਐਲਬਰਟ)

ਸੂਬੇ ਵਿੱਚ ਹੈਰੋਇਨ ਬਰਾਮਦਗੀ ਦੇ ਸਭ ਤੋਂ ਵੱਡੇ ਮਾਮਲੇ ਵਿੱਚ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਜਲੰਧਰ ਕਮਿਸ਼ਨਰੇਟ ਪੁਲਸ ਨੇ ਪਹਿਲਾਂ ਬਰਾਮਦ ਕੀਤੀ ਗਈ 48 ਕਿਲੋਗ੍ਰਾਮ ਤੋਂ ਇਲਾਵਾ 500 ਗ੍ਰਾਮ ਹੋਰ ਹੈਰੋਇਨ ਬਰਾਮਦ ਕੀਤੀ ਹੈ ਅਤੇ ਇਸ ਰੈਕੇਟ ਨੂੰ ਚਲਾਉਣ ਵਾਲੇ 10 ਹੋਰ ਵਿਅਕਤੀਆਂ (ਕੁੱਲ 13) ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਜਲੰਧਰ ਕਮਿਸ਼ਨਰੇਟ ਪੁਲਸ ਨੇ ਪਿਛਲੇ ਹਫਤੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ 48 ਕਿਲੋ ਹੈਰੋਇਨ ਬਰਾਮਦ ਕਰਕੇ ਇਸ ਰੈਕੇਟ ਦਾ ਪਰਦਾ ਫਾਸ਼ ਕੀਤਾ ਹੈ। ਅਗਲੇਰੀ ਜਾਂਚ ਤੋਂ ਪਤਾ ਚੱਲਿਆ ਹੈ ਕਿ ਇਸ ਗਰੋਹ ਨੂੰ 10 ਚਲਾਕ ਅਪਰਾਧੀਆਂ ਵੱਲੋਂ ਬੜੇ ਹੀ ਯੋਜਨਾਬੱਧ ਤਰੀਕੇ ਨਾਲ ਚਲਾਇਆ ਜਾ ਰਿਹਾ ਸੀ, ਜਿਨ੍ਹਾਂ ਨੂੰ ਕਮਿਸ਼ਨਰੇਟ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਸਵਪਨ ਸ਼ਰਮਾ ਨੇ ਦੱਸਿਆ ਕਿ ਮੁਲਜ਼ਮਾਂ ਦੀ ਪਛਾਣ ਪਰਮਿੰਦਰ ਕੌਰ ਉਰਫ ਰਾਣੀ ਵਾਸੀ ਪਿੰਡ ਲੱਖਪੁਰ ਲੰਗੇਰੀ, ਥਾਣਾ ਸਦਰ ਬੰਗਾ ਜ਼ਿਲ੍ਹਾ ਨਵਾਂਸ਼ਹਿਰ, ਹੁਣ ਵਿਧਾਇਕ ਬੰਗਾ ਦੀ ਰਿਹਾਇਸ਼ ਨੇੜੇ ਬੀ ਡੀ ਓ ਕਲੋਨੀ, ਨਵਾਂਸ਼ਹਿਰ, ਰੋਹਿਤ ਕੁਮਾਰ ਵਾਸੀ ਪਿੰਡ ਕਟੜਾ ਚੜ੍ਹਤ ਸਿੰਘ, ਅੰਮ੍ਰਿਤਸਰ, ਦਲਜੀਤ ਸਿੰਘ ਵਾਸੀ ਪਿੰਡ ਵਿਰਕਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਅਮਰਜੀਤ ਸ਼ਰਮਾ ਉਰਫ ਸੋਨੂੰ ਸ਼ਰਮਾ ਉਰਫ ਸੋਨੂੰ ਵਾਸੀ ਵਾਰਡ ਨੰਬਰ 8 ਮੁਹੱਲਾ 9 ਗਰੁੱਪ ਮੇਨ ਬਜ਼ਾਰ ਗੜ੍ਹਸ਼ੰਕਰ, ਅਨਿਲ ਕੁਮਾਰ ਵਾਸੀ ਵਾਰਡ ਨੰ: 7 ਮੁਹੱਲਾ ਰਹਿਕਨ, ਗੜ੍ਹਸ਼ੰਕਰ, ਸੁਰਜੀਤ ਕੁਮਾਰ ਵਾਸੀ ਵਾਰਡ ਨੰ: 4 ਨੌਹਰੀਆਂ ਵਾਲੀ ਗਲੀ ਗੜ੍ਹਸ਼ੰਕਰ, ਗੁਰਵਿੰਦਰ ਸਿੰਘ ਪਿੰਡ ਪੰਡੋਰੀ, ਜ਼ਿਲ੍ਹਾ ਅੰਮ੍ਰਿਤਸਰ, ਮਨਜੀਤ ਸਿੰਘ ਉਰਫ ਸੋਨੀ ਵਾਸੀ ਪਿੰਡ ਮੁਹਾਵਾ ਜ਼ਿਲ੍ਹਾ ਅੰਮ੍ਰਿਤਸਰ, ਖੁਸ਼ਹਾਲ ਉਰਫ ਗੋਪਾਲ ਸੈਣੀ ਸ਼ਿਵ ਸ਼ਕਤੀ ਮੰਦਰ ਹੈਬੋਵਾਲ, ਲੁਧਿਆਣਾ ਅਤੇ ਮਲਕੀਤ ਸਿੰਘ ਵਾਸੀ ਪਿੰਡ ਭੂਸੇ, ਥਾਣਾ ਸਰਾਏ ਅਮਾਨਤ ਖਾਂ, ਤਰਨ ਤਾਰਨ ਵਜੋਂ ਹੋਈ ਹੈ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇਸ ਰੈਕੇਟ ਨੂੰ ਬੜੇ ਪੇਸ਼ੇਵਰ ਤਰੀਕੇ ਨਾਲ ਚਲਾਉਂਦੇ ਸਨ, ਕਿਉਂਕਿ ਰੋਹਿਤ ਸਿੰਘ ਹਰਦੀਪ ਸਿੰਘ ਰਾਹੀਂ ਹਵਾਲਾ ਚੈਨਲਾਂ ਦੀ ਵਰਤੋਂ ਕਰਕੇ ਨਜਾਇਜ਼ ਧੰਦੇ ਨੂੰ ਵਧਾਉਂਦਾ ਸੀ। ਗੁਰਵਿੰਦਰ ਸਿੰਘ ਅਤੇ ਮਨਜੀਤ ਸਿੰਘ 2021 ਤੋਂ ਵੱਡੇ ਪੱਧਰ 'ਤੇ ਚੱਲ ਰਹੇ ਨਸ਼ਿਆਂ ਦੇ ਕਾਰੋਬਾਰ ਵਿੱਚ ਉੱਭਰੇ ਹਨ। ਪਰਮਿੰਦਰ ਕੌਰ ਉਰਫ ਰਾਣੀ ਸਤਨਾਮ ਤੋਂ ਭਾਰੀ ਮਾਤਰਾ ਵਿੱਚ ਹੈਰੋਇਨ ਖਰੀਦ ਕੇ ਇਸ ਵੰਡ ਲੜੀ ਵਿੱਚ ਇੱਕ ਪ੍ਰਮੁੱਖ ਖਿਡਾਰੀ ਵਜੋਂ ਉੱਭਰੀ ਹੈ। ਉਹ ਛੋਟੇ ਪੈਮਾਨੇ ਦੇ ਤਸਕਰਾਂ ਨੂੰ ਨਸ਼ਾ ਵੰਡਦੀ ਸੀ। ਖੁਸ਼ਹਾਲ ਕੁਮਾਰ ਨੇ ਆਪਣੇ ਜੀਜਾ ਵਿਨੋਦ ਕੁਮਾਰ ਦੇ ਵੱਡੇ ਪੱਧਰ 'ਤੇ ਹੈਰੋਇਨ ਦੇ ਅਪ੍ਰੇਸ਼ਨ ਰਾਹੀਂ ਸਤਨਾਮ ਸਿੰਘ ਦੇ ਜਵਾਈ ਹਰਦੀਪ ਸਿੰਘ ਨਾਲ ਸੰਪਰਕ ਕਾਇਮ ਕੀਤਾ ਅਤੇ ਇਸ ਸੰਬੰਧ ਨੇ ਖੁਸ਼ਹਾਲ ਕੁਮਾਰ ਨੂੰ ਹੈਰੋਇਨ ਦੀ ਖਰੀਦ ਸ਼ੁਰੂ ਕਰਨ ਵਿੱਚ ਮਦਦ ਕੀਤੀ। ਦਲਜੀਤ ਸਿੰਘ ਅਤੇ ਅਮਰਜੀਤ ਸ਼ਰਮਾ ਸਤਨਾਮ ਸਿੰਘ ਦੀ ਮਦਦ ਨਾਲ ਹੈਰੋਇਨ ਦੀ ਤਸਕਰੀ ਲਈ ਟਰੱਕਾਂ ਦੀ ਵਰਤੋਂ ਕਰਦੇ ਹੋਏ ਸ੍ਰੀਨਗਰ ਦੇ ਤਿੰਨ ਗੇੜੇ ਲਗਾ ਕੇ ਪ੍ਰਤੀ ਰਾਊਂਡ 50,000 ਰੁਪਏ ਪ੍ਰਤੀ ਵਿਅਕਤੀ ਕਮਾਏ ਅਤੇ ਕ੍ਰਮਵਾਰ 10 ਕਿਲੋ, 7 ਕਿਲੋ ਅਤੇ 15 ਕਿਲੋਗ੍ਰਾਮ ਦੀ ਤਸਕਰੀ ਕੀਤੀ। ਅਨਿਲ ਕੁਮਾਰ ਅਤੇ ਸੁਰਜੀਤ ਕੁਮਾਰ ਨੇ ਸਤਨਾਮ ਸਿੰਘ ਦੇ ਸਾਥੀਆਂ ਨਾਲ ਮਿਲ ਕੇ ਇਕ ਇਨੋਵਾ ਵਿਚ ਸ੍ਰੀਨਗਰ ਦਾ ਗੇੜਾ ਮਾਰ ਕੇ 10/15/12 ਕਿਲੋ ਹੈਰੋਇਨ ਦੀ ਤਸਕਰੀ ਕੀਤੀ ਅਤੇ ਪ੍ਰਤੀ ਗੇੜਾ 50,000 ਰੁਪਏ ਵਸੂਲਿਆ। ਸਵਪਨ ਸ਼ਰਮਾ ਨੇ ਦੱਸਿਆ ਕਿ ਨਸ਼ਾਖੋਰੀ ਵਿੱਚ ਸ਼ਾਮਲ ਮਲਕੀਤ ਸਿੰਘ ਨੇ ਗੁਰਵਿੰਦਰ ਸਿੰਘ ਅਤੇ ਮਨਜੀਤ ਸਿੰਘ ਨਾਲ ਮਿਲ ਕੇ ਹੈਰੋਇਨ ਦੀ ਡਲਿਵਰੀ ਕਰਵਾਉਣ ਵਿੱਚ ਮਦਦ ਕੀਤੀ। ਪੁਲਸ ਕਮਿਸ਼ਨਰ ਨੇ ਦੱਸਿਆ ਕਿ ਇੱਕ ਐਫ ਆਈ ਆਰ ਥਾਣਾ ਡਵੀਜ਼ਨ 1 ਜਲੰਧਰ ਵਿਖੇ ਪਹਿਲਾਂ ਹੀ ਦਰਜ ਕੀਤੀ ਜਾ ਚੁੱਕੀ ਹੈ। ਪੁਲਸ ਨੇ ਹੁਣ ਤੱਕ 500 ਗ੍ਰਾਮ ਹੈਰੋਇਨ 84.78 ਲੱਖ ਰੁਪਏ ਦੀ ਡਰੱਗ ਮਨੀ, ਹੁੰਡਈ ਔਰਾ ਕਾਰ, ਮਾਰੂਤੀ ਸੁਜ਼ੂਕੀ ਬਲੇਨੋ ਅਤੇ ਟਰੱਕ ਬਰਾਮਦ ਕੀਤਾ ਹੈ। ਪਰਮਿੰਦਰ ਕੌਰ ਅਤੇ ਗੁਰਵਿੰਦਰ ਸਿੰਘ ਖਿਲਾਫ ਚਾਰ-ਚਾਰ ਕੇਸ ਪੈਂਡਿੰਗ ਹਨ।

ਦੋ ਕਾਰਾਂ ਤੇ ਇੱਕ ਟਰੱਕ ਬਰਾਮਦ

ਭਾਜਪਾ ਵਾਲੇ 10 ਸਾਲਾਂ ਤੋਂ ਨੋਟ ਗਿਣ ਰਹੇ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਐਤਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਭਾਜਪਾ ਜਿੱਥੇ 'ਟੈਂਪੋ ਵਾਲੇ ਅਰਬਪਤੀਆਂ' ਕੋਲੋਂ ਮਿਲੇ 'ਨੋਟਾਂ ਦੀ ਗਿਣਤੀ' ਕਰ ਰਹੀ ਹੈ, ਉਥੇ ਉਨ੍ਹਾਂ ਦੀ ਪਾਰਟੀ ਬਰਾਬਰੀ ਯਕੀਨੀ ਬਣਾਉਣ ਲਈ ਜਾਤੀ ਜਨਗਣਨਾ ਜ਼ਰੀਏ ਦੇਸ਼ ਦਾ 'ਐਕਸਰੇ' ਕਰਵਾਏਗੀ। ਉਨ੍ਹਾ ਐਕਸ 'ਤੇ ਇਕ ਪੋਸਟ ਵਿਚ ਕਿਹਾ-ਉਹ (ਭਾਜਪਾ) ਪਿਛਲੇ ਦਸ ਸਾਲਾਂ ਤੋਂ ਟੈਂਪੋ ਵਾਲੇ ਅਰਬਪਤੀਆਂ ਕੋਲੋਂ ਮਿਲੇ ਨੋਟ ਗਿਣ ਰਹੇ ਹਨ। ਅਸੀਂ 'ਜਾਤੀ ਜਨਗਣਨਾ' ਜ਼ਰੀਏ ਦੇਸ਼ ਦਾ ਐਕਸਰੇ ਕਰਾਵਾਂਗੇ ਤੇ ਹਰ ਵਰਗ ਲਈ ਬਰਾਬਰ ਦੀ ਹਿੱਸੇਦਾਰੀ ਯਕੀਨੀ ਬਣਾਵਾਂਗੇ। ਉਨ੍ਹਾ ਜਾਤੀ ਜਨਗਣਨਾ ਨੂੰ ਲੈ ਕੇ ਪਾਰਟੀ ਦਾ ਇਕ ਇਸ਼ਤਿਹਾਰ ਵੀ ਜਾਰੀ ਕੀਤਾ।

ਬਦਰੀਨਾਥ ਦੇ ਕਿਵਾੜ ਵੀ ਖੁੱਲ੍ਹੇ

ਦੇਹਰਾਦੂਨ : ਉੱਤਰਾਖੰਡ ਵਿਚ ਐਤਵਾਰ ਤੋਂ ਸ਼ਰਧਾਲੂਆਂ ਲਈ ਬਦਰੀਨਾਥ ਮੰਦਰ ਦੇ ਕਿਵਾੜ ਖੁੱਲ੍ਹਣ ਨਾਲ ਚਾਰ ਧਾਮ-ਬਦਰੀਨਾਥ, ਕੇਦਾਰਨਾਥ, ਯਮਨੋਤਰੀ ਤੇ ਗੰਗੋਤਰੀ ਦੀ ਯਾਤਰਾ ਸ਼ੁਰੂ ਹੋ ਗਈ। ਬਦਰੀਨਾਥ 'ਚ ਮੀਂਹ ਦੇ ਬਾਵਜੂਦ ਵੱਡੀ ਗਿਣਤੀ 'ਚ ਸ਼ਰਧਾਲੂ ਮੌਜੂਦ ਸਨ। ਕੇਦਾਰਨਾਥ, ਯਮਨੋਤਰੀ ਤੇ ਗੰਗੋਤਰੀ ਮੰਦਰਾਂ ਦੇ ਕਿਵਾੜ ਅਕਸ਼ੈ ਤ੍ਰਿਤੀਆ ਮੌਕੇ ਸ਼ੁੱਕਰਵਾਰ ਨੂੰ ਹੀ ਖੁੱਲ੍ਹ ਗਏ ਸਨ।

ਮੇਰੇ ਹੁੰਦਿਆਂ ਸੀ ਏ ਏ ਖਤਮ ਨਹੀਂ ਹੋ ਸਕਦਾ : ਮੋਦੀ

ਬੈਰਕਪੁਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਤਵਾਰ ਪੱਛਮੀ ਬੰਗਾਲ ਦੇ ਉੱਤਰੀ 24 ਪਰਗਨਾ ਜ਼ਿਲ੍ਹੇ ਦੇ ਬੈਰਕਪੁਰ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿੰਨਾ ਚਿਰ ਮੋਦੀ ਹੈ, ਕੋਈ ਵੀ ਸੀ ਏ ਏ (ਨਾਗਰਿਕਤਾ ਸੋਧ ਕਾਨੂੰਨ) ਨੂੰ ਖਤਮ ਨਹੀਂ ਕਰ ਸਕਦਾ। ਉਨ੍ਹਾਂ ਸੱਤਾਧਾਰੀ ਤ੍ਰਿਣਮੂਲ ਕਾਂਗਰਸ ਦੀ 'ਵੋਟ ਬੈਂਕ' ਸਿਆਸਤ ਨੂੰ ਭੰਡਿਆ। ਉਨ੍ਹਾ ਦਾਅਵਾ ਕੀਤਾ ਕਿ ਸੰਦੇਸ਼ਖਲੀ ਜਿਨਸੀ ਦੁਰਾਚਾਰ ਮਾਮਲੇ ਦੇ ਦੋਸ਼ੀਆਂ ਨੂੰ ਬਚਾਉਣ ਲਈ ਟੀ ਐੱਮ ਸੀ ਦੇ ਗੁੰਡਿਆਂ ਵੱਲੋਂ ਪੀੜਤ ਮਹਿਲਾਵਾਂ ਨੂੰ ਧਮਕਾਇਆ ਜਾ ਰਿਹਾ ਹੈ। ਟੀ ਐੱਮ ਸੀ ਦੇ ਰਾਜ ਵਿਚ ਹਿੰਦੂਆਂ ਨੂੰ ਸੂਬੇ ਵਿਚ ਦੂਜੇ ਦਰਜੇ ਦੇ ਨਾਗਰਿਕਾਂ ਵਿਚ ਤਬਦੀਲ ਕਰ ਦਿੱਤਾ ਗਿਆ ਹੈ।

ਪ੍ਰਮਾਣੂ ਬੰਬ ਤੋਂ ਨਹੀਂ ਡਰਦੇ : ਸ਼ਾਹ

ਵਾਰਾਨਸੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਤਵਾਰ ਕਿਹਾ ਕਿ ਰਾਹੁਲ ਗਾਂਧੀ ਪ੍ਰਮਾਣੂ ਬੰਬ ਤੋਂ ਡਰਨਾ ਚਾਹੁੰਦੇ ਹਨ ਤਾਂ ਉਨ੍ਹਾ ਨੂੰ ਡਰਨਾ ਚਾਹੀਦਾ ਹੈ, ਪਰ ਭਾਜਪਾ ਡਰਨ ਵਾਲੀ ਨਹੀਂ ਹੈ। ਉਨ੍ਹਾ ਕਿਹਾ-ਅਸੀਂ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ ਨੂੰ ਵਾਪਸ ਲੈ ਕੇ ਰਹਾਂਗੇ। ਉੱਤਰ ਪ੍ਰਦੇਸ਼ ਦੇ ਕੌਸ਼ਾਂਬੀ 'ਚ ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਸ਼ਾਹ ਨੇ ਕਿਹਾ ਕਿ ਪਹਿਲੀ ਹੈਟ੍ਰਿਕ, ਮੋਦੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣਾ ਹੈ ਤੇ ਦੂਜੀ ਹੈਟ੍ਰਿਕ ਉੱਤਰ ਪ੍ਰਦੇਸ਼ 'ਚ ਸਮਾਜਵਾਦੀ ਪਾਰਟੀ, ਬਸਪਾ ਤੇ ਕਾਂਗਰਸ ਦਾ ਸੁਪੜਾ ਸਾਫ ਕਰਨਾ ਹੈ।

ਸੋਰੇਨ ਦੀ ਸੁਣਵਾਈ ਅੱਜ

ਨਵੀਂ ਦਿੱਲੀ : ਸੁਪਰੀਮ ਕੋਰਟ ਕਥਿਤ ਜ਼ਮੀਨ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਗ੍ਰਿਫਤਾਰੀ ਨੂੰ ਚੁਣੌਤੀ ਦਿੰਦੀ ਝਾਰਖੰਡ ਮੁਕਤੀ ਮੋਰਚਾ ਦੇ ਆਗੂ ਤੇ ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਪਟੀਸ਼ਨ 'ਤੇ ਸੋਮਵਾਰ ਸੁਣਵਾਈ ਕਰੇਗੀ। ਸੋਰੇਨ ਨੇ ਝਾਰਖੰਡ ਹਾਈ ਕੋਰਟ ਦੇ 3 ਮ

13-MAY-PAGE-1.qxd 5/12/2024 10:24 PM Page 2

ਸਾਂਝੀਆਂ ਥਾਵਾਂ 'ਤੇ ਰੱਖੀਆਂ ਪਾਣੀ ਦੀਆਂ ਟੈਂਕੀਆਂ

ਬਰੇਟਾ (ਰੀਤਵਾਲ)-ਅੱਤ ਦੀ ਪੈ ਰਹੀ ਗਰਮੀ ਦੇ ਚੱਲਦਿਆਂ ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਪਿਛਲੇ ਕਾਫੀ ਸਾਲਾਂ ਤੋਂ, ਜੋ ਸੇਵਾ ਦਾਨੀ ਵੀਰਾਂ ਦੇ ਸਹਿਯੋਗ ਨਾਲ ਸਾਂਝੀਆਂ ਥਾਵਾਂ ਉੱਤੇ ਠੰਢੇ ਪਾਣੀ ਦੀਆਂ ਟੈਂਕੀਆਂ ਰੱਖੀਆਂ ਜਾਂਦੀਆਂ ਹਨ, ਜਿਸ ਦੇ ਚੱਲਦਿਆਂ ਅੱਜ ਇੱਕ ਟੈਂਕੀ ਰਾਧੇ ਸ਼ਾਮ ਐਂਡ ਕੰਪਨੀ ਦੇ ਮਨਿੰਦਰ ਕੁਮਾਰ ਤੇ ਰਾਧੇ ਸ਼ਾਮ ਦੇ ਸਹਿਯੋਗ ਨਾਲ ਕ੍ਰਿਸ਼ਨਾ ਮੰਦਰ ਦੇ ਕੋਲ ਤੇ ਦੂਜੀ ਟੈਂਕੀ ਮੇਨ ਬਾਜ਼ਾਰ ਵਿੱਚ ਬਾਲਾ ਜੀ ਬੈਗ ਇੰਡਸਟ੍ਰੀਜ਼ ਵੱਲੋਂ ਜਗਸੀਰ ਕੁਮਾਰ ਬਾਂਸਲ (ਜੱਗੂ) ਵਿਜੇ ਕੁਮਾਰ ਜੈਨ, ਜਤਿੰਦਰ ਮਿੱਤਲ (ਮੱਖੂ) ਦੇ ਸਹਿਯੋਗ ਨਾਲ ਰੱਖੀਆਂ ਗਈਆਂ, ਜਿਸ ਦਾ ਸ਼ੁੱਭ ਆਰੰਭ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਰਿਟਾਇਰਡ ਐੱਸ ਪੀ ਸਤਨਾਮ ਸਿੰਘ ਵੱਲੋਂ ਕੀਤਾ ਗਿਆ।ਇਸ ਸਮੇਂ ਰਿਟਾਇਰਡ ਐੱਸ ਪੀ ਸਤਨਾਮ ਸਿੰਘ ਨੇ ਕਿਹਾ ਕਿ ਜੋ ਟੀਮ ਆਸਰਾ ਵੱਲੋਂ ਠੰਡੇ ਪਾਣੀ ਦਾ ਨੇਕ ਉਪਰਾਲਾ ਦਾਨੀ ਵੀਰਾਂ ਦੇ ਸਹਿਯੋਗ ਨਾਲ ਕੀਤਾ ਜਾ ਰਿਹਾ ਹੈ, ਇਹ ਸਖਤ ਗਰਮੀ ਵਿੱਚ ਬਹੁਤ ਹੀ ਵਧੀਆ ਲੋਕ ਭਲਾਈ ਦਾ ਕੰਮ ਹੈ।ਇਸ ਸਮੇਂ ਸ਼ਹਿਰ ਨਿਵਾਸੀਆਂ ਤੋਂ ਇਲਾਵਾ ਪਵਨ ਕੁਮਾਰ ਭੋਲੂ, ਹੈਪੀ ਤੇ ਆਸਰਾ ਫਾਊਂਡੇਸ਼ਨ ਬਰੇਟਾ ਦੀ ਟੀਮ ਹਾਜ਼ਰ ਸੀ।

ਕਿਸਾਨ ਯੂਨੀਅਨ ਏਕਤਾ ਆਜ਼ਾਦ ਦੀ ਚੋਣ, ਮਨਦੀਪ ਸਿੰਘ ਭੂਤਗੜ੍ਹ ਬਲਾਕ ਪ੍ਰਧਾਨ ਬਣੇ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਬਲਾਕ ਪਾਤੜਾਂ ਦੀ ਮੀਟਿੰਗ ਗੁਰਦੁਆਰਾ ਸਿੰਘ ਸਭਾ ਘੱਗਾ ਵਿੱਚ ਹੋਈ, ਜਿਸ ਵਿੱਚ ਬਲਾਕ ਪਾਤੜਾਂ ਦੀ ਚੋਣ ਸੂਬਾ ਆਗੂ ਮਨਜੀਤ ਸਿੰਘ ਨਿਆਲ ਦੀ ਰਹਿਨੁਮਾਈ ਹੇਠ ਪ੍ਰਧਾਨ ਮਨਦੀਪ ਸਿੰਘ ਭੂਤਗੜ੍ਹ, ਸੀਨੀਅਰ ਮੀਤ ਪ੍ਰਧਾਨ ਗੁਰਮੇਲ ਸਿੰਘ ਘੱਗਾ, ਮੀਤ ਪ੍ਰਧਾਨ ਬਿੱਕਰ ਸਿੰਘ ਬੂਰੜ, ਸੱਕਤਰ ਅਮਰਿੰਦਰ ਸਿੰਘ ਘੱਗਾ, ਲਖਵਿੰਦਰ ਸਿੰਘ ਬਰਾਸ, ਖਜ਼ਾਨਚੀ ਗੁਰਜੰਟ ਸਿੰਘ ਸਧਾਰਨਪੁਰ, ਬਿੱਕਰਮਜੀਤ ਸਿੰਘ ਮਤੋਲੀ, ਸੱਤਪਾਲ ਸਿੰਘ ਬਰਾਸ, ਸੰਗਠਨ ਸੱਕਤਰ ਪ੍ਰੀਤਮ ਸਿੰਘ ਘੱਗਾ, ਸਲਾਹਕਾਰ ਹਰਚੰਦ ਸਿੰਘ ਤੰਬੂਵਾਲਾ, ਹਰਜੀਤ ਸਿੰਘ ਭੂਤਗੜ੍ਹ, ਅਮਨਦੀਪ ਸਿੰਘ ਘੱਗਾ ਨੂੰ ਸਰਬਸੰਮਤੀ ਨਾਲ ਚੁਣਿਆ ਗਿਆ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਿਤਪਾਲ ਸਿੰਘ ਤੰਬੂਵਾਲਾ, ਯਾਦਵਿੰਦਰ ਸਿੰਘ, ਗੁਰਜਿੰਦਰ ਸਿੰਘ ਸਧਾਰਨਪੁਰ, ਇਕਾਈ ਪ੍ਰਧਾਨ ਹਰਚਰਨ ਸਿੰਘ ਨਿਆਲ, ਕੁਲਦੀਪ ਸਿੰਘ ਬਰਾਸ, ਸੁਖਵਿੰਦਰ ਸਿੰਘ ਮਤੋਲੀ, ਹਰਪਾਲ ਸਿੰਘ ਘੱਗਾ, ਦਰਸ਼ਨ ਸਿੰਘ ਬਰਾਸ ਆਦਿ ਆਗੂ ਹਾਜ਼ਰ ਸਨ।

ਜੇ ਐੱਨ ਇੰਟਰਨੈਸ਼ਨਲ ਸਕੂਲ ਵਿਖੇ ਕੌਮਾਂਤਰੀ ਮਾਂ ਦਿਵਸ ਮਨਾਇਆ

ਗੁਰੂ ਹਰਸਹਾਏ (ਫ਼ਕੀਰ ਚੰਦ ਸਿਕਰੀ)-ਜੇ ਐੱਨ ਇੰਟਰਨੈਸ਼ਨਲ ਸਕੂਲ ਸੈਦੇ ਕੇ ਮੋਹਨ ਵਿਖੇ ਕੌਮਾਂਤਰੀ ਮਾਂ ਦਿਵਸ ਬੜੇ ਹੀ ਉਤਸ਼ਾਹ ਤੇ ਸ਼ਾਨਦਾਰ ਤਰੀਕੇ ਨਾਲ ਮਨਾਇਆ ਗਿਆ।ਇਸ ਮੌਕੇ ਸਕੂਲ ਦੇ ਚੇਅਰਮੈਨ ਜਨਕ ਰਾਜ ਮੁਜਾਲ਼ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਇਸ ਕੌਮਾਂਤਰੀ ਮਾਂ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ।ਕੌਮਾਂਤਰੀ ਮਾਂ ਦਿਵਸ ਮੌਕੇ ਸਕੂਲ ਵਿੱਚ ਪ੍ਰੋਗਰਾਮ ਕੀਤਾ ਗਿਆ।ਇਸ ਸਮੇਂ ਵਿਦਿਆਰਥੀਆਂ ਨੇ ਮਾਂ ਦੀ ਮਮਤਾ ਪ੍ਰਤੀ ਆਪਣੇ ਪਿਆਰ ਨੂੰ ਪਰਕਟ ਕਰਦਿਆਂ, ਕਵਿਤਾਵਾਂ ਤੇ ਗੀਤਾਂ ਰਾਹੀਂ ਖ਼ੂਬ ਰੰਗਣਕਾਂ ਲਾਈਆਂ।ਇਸ ਮੌਕੇ ਸਕੂਲ ਦੇ ਚੇਅਰਮੈਨ ਜਨਕ ਰਾਜ ਮੁਜ਼ਾਲ, ਮੈਨੇਜਿੰਗ ਡਾਇਰੈਕਟਰ ਅਰਜੁਨ ਮੁਜ਼ਾਲ, ਮੈਨੇਜਮੈਂਟ ਮੈਂਬਰ ਏਕਤਾ ਮੁਜ਼ਾਲ, ਮੈਨੇਜਮੈਂਟ ਮੈਂਬਰ ਅੰਜਲੀ ਚਾਨਣਾ ਤੇ ਸਕੂਲ ਦੇ ਪ੍ਰਿੰਸੀਪਲ ਡਾ: ਰਵਿੰਦਰ ਕੁਮਾਰ ਨੇ ਮੈਨੇਜਮੈਂਟ ਦਾ ਧੰਨਵਾਦ ਕੀਤਾ ਤੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਜਿਸ ਭਗਵਾਨ ਨੂੰ ਅਸੀਂ ਪੂਜਦੇ ਹਾਂ, ਉਨ੍ਹਾਂ ਦਾ ਜਨਮ ਵੀ ਇੱਕ ਮਾਂ ਤੋਂ ਹੀ ਹੋਇਆ ਹੈ।ਸਾਡੇ ਗੁਰੂਆਂ, ਪੀਰਾਂ, ਪੈਗੰਬਰਾਂ, ਸੰਤਾਂ, ਭਗਤਾਂ, ਰਿਸ਼ੀਆਂ ਮੁਨੀਆਂ ਨੇ ਮਾਂ ਨੂੰ ਰੱਬ ਤੋਂ ਵੀ ਉਤੇ ਦਾ ਦਰਜਾ ਦਿੱਤਾ ਹੈ।ਇਸ ਲਈ ਆਪਣੇ ਮਾਤਾ-ਪਿਤਾ ਦਾ ਹਮੇਸ਼ਾ ਸਤਿਕਾਰ ਕਰੋ, ਜਿਨ੍ਹਾਂ ਦੀ ਬਦੌਲਤ ਅਸੀਂ ਇਸ ਸੰਸਾਰ 'ਤੇ ਜਨਮ ਲਿਆ ਹੈ।ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਰਵਿੰਦਰ ਕੁਮਾਰ ਨੇ ਸਮੂਹ ਸਕੂਲ ਸਟਾਫ਼, ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਨੂੰ ਕੌਮਾਂਤਰੀ ਮਾਂ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਸਭ ਦਾ ਧੰਨਵਾਦ ਕੀਤਾ।

ਮੋਦੀ ਸਰਕਾਰ ਨੂੰ ਚਲਦਾ ਕਰਨਗੇ ਪੈਨਸ਼ਨਰ ਤੇ ਮੁਲਾਜ਼ਮ

ਮੁੱਲਾਂਪੁਰ ਦਾਖਾ (ਪੱਤਰ ਪ੍ਰੇਰਕ)-ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਪੰਜਾਬ ਪੈਨਸ਼ਨਰਜ਼ ਯੂਨੀਅਨ ਦੀ ਮੀਟਿੰਗ ਪ੍ਰਧਾਨ ਮਨਜੀਤ ਸਿੰਘ ਮਨਸੂਰਾਂ ਦੀ ਪ੍ਰਧਾਨਗੀ ਹੇਠ ਹੋਈ। ਸਕੱਤਰ ਜ਼ਿਲ੍ਹਾ ਲੁਧਿਆਣਾ ਹਰਜਿੰਦਰ ਸਿੰਘ ਸੀਲੋ ਨੇ ਏਜੰਡੇ ਸਬੰਧੀ ਸੰਖੇਪ ਜਾਣਕਾਰੀ ਦਿੱਤੀ, ਜਿਸ ਵਿੱਚ ਪੰਜਾਬ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਕੋਈ ਵੀ ਮੰਗ ਪੂਰੀ ਨਹੀਂ ਕੀਤੀ, ਜਿਵੇਂ ਪੈਨਸ਼ਨ ਸੋਧ ਫਾਰਮੂਲਾ 2.59 ਲਾਗੂ ਕਰਨਾ, ਪੇ-ਕਮਿਸ਼ਨ ਦੀ ਰਿਪੋਰਟ ਦਾ ਏਰੀਅਰ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਤੱਕ ਸਰਕਾਰ ਨੂੰ ਕੁਝ ਪੈਨਸ਼ਨਰਾਂ ਦੇ ਪੱਲੇ ਨਹੀਂ ਪਾਇਆ, ਪੈਨਸ਼ਨਰਾਂ ਦੇ ਮਨਾਂ ਵਿੱਚ ਸਰਕਾਰ ਵਿਰੁੱਧ ਰੋਸ ਪਾਇਆ ਜਾ ਰਿਹਾ ਹੈ। ਮੀਟਿੰਗ ਨੂੰ ਜਗਮੇਲ ਸਿੰਘ ਪੱਖੋਵਾਲ, ਚਰਨ ਸਿੰਘ ਸਰਾਭਾ, ਗੁਰਮੇਲ ਸਿੰਘ ਮੈਲਡੇ, ਦਰਸ਼ਨ ਸਿੰਘ ਥਰੀਕੇ ਤੇ ਜਗਜੀਤ ਸਿੰਘ ਨੇ ਸੰਬੋਧਨ ਕੀਤਾ। ਕੇਂਦਰ ਸਰਕਾਰ ਦੀਆਂ ਮੁਲਾਜ਼ਮ ਮਜ਼ਦੂਰ ਕਿਸਾਨ ਵਿਰੋਧੀ ਨੀਤੀਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮੋਦੀ ਸਰਕਾਰ ਨੂੰ ਚੱਲਦਾ ਕਰਨ ਲਈ ਪੈਨਸ਼ਨਰ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਨਗੇ।

ਦੇਸ਼ ਭਗਤ 'ਵਰਸਟੀ ਤੇ ਸਕੂਲ ਵੱਲੋਂ ਵੋਟਰ ਜਾਗਰੂਕਤਾ ਰੈਲੀ

ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਦੇਸ਼ ਭਗਤ ਯੂਨੀਵਰਸਿਟੀ ਦੇ ਐੱਨ.ਸੀ.ਸੀ. ਵਿੰਗ ਨੇ ਦੇਸ਼ ਭਗਤ ਗਲੋਬਲ ਸਕੂਲ ਦੇ ਐੱਨ.ਸੀ.ਸੀ. ਵਿੰਗਾਂ ਦੇ ਸਹਿਯੋਗ ਨਾਲ ਵੋਟਰ ਜਾਗਰੂਕਤਾ ਰੈਲੀ ਕੱਢੀ।ਇਹ ਸਮਾਗਮ ਦੋਵਾਂ ਸੰਸਥਾਵਾਂ ਦੇ ਐੱਨ. ਸੀ. ਸੀ. ਵਿੰਗਾਂ (ਏਅਰ/ਆਰਮੀ ਤੇ ਨੇਵੀ) ਦੁਆਰਾ ਇੱਕ ਸਾਂਝਾ ਯਤਨ ਸੀ, ਜਿਸ ਵਿੱਚ ਨਾਗਰਿਕ ਰੁਝੇਵੇਂ ਤੇ ਸਮਾਜਿਕ ਜ਼ਿੰਮੇਵਾਰੀ ਪ੍ਰਤੀ ਆਪਣੀ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਗਿਆ।ਇਹ ਰੈਲੀ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਦੀ ਅਗਵਾਈ ਹੇਠ ਯੂਨੀਵਰਸਿਟੀ ਦੇ ਖੇਡ ਮੈਦਾਨ ਤੋਂ ਸ਼ੁਰੂ ਹੋਈ, ਜਿਸ ਵਿੱਚ ਦੋਵਾਂ ਸੰਸਥਾਵਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ/ਐੱਨ.ਸੀ.ਸੀ. ਕੈਡਿਟਾਂ ਨੇ ਸ਼ਮੂਲੀਅਤ ਕੀਤੀ।ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ ਨੇ ਹਰ ਨਾਗਰਿਕ ਦੇ ਮੌਲਿਕ ਅਧਿਕਾਰ ਤੇ ਨਾਗਰਿਕ ਫਰਜ਼ ਵਜੋਂ ਵੋਟ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਇਸ ਰੈਲੀ ਵਿੱਚ ਡਾ. ਵਰਿੰਦਰ ਸਿੰਘ, ਰਜਿਸਟਰਾਰ ਡਾ. ਸੁਦੀਪ ਮੁਖਰਜੀ, ਡਾ. ਪ੍ਰਮੋਦ ਮੰਡਲ ਤੇ ਸੀ.ਟੀ.ਓਜ਼ ਡਾ. ਅਜੈਪਾਲ ਸਿੰਘ (ਆਰਮੀ ਵਿੰਗ), ਗੁਰਜੀਤ ਸਿੰਘ ਪੰਧੇਰ (ਏਅਰ ਵਿੰਗ), ਚਮਨਪ੍ਰੀਤ ਕੌਰ (ਨੇਵੀ ਵਿੰਗ) ਤੇ ਅੱਛਰਪਾਲ ਸਿੰਘ ਨੇ ਸ਼ਮੂਲੀਅਤ ਕੀਤੀ ਤੇ ਰੈਲੀ ਅਮਲੋਹ, ਮੰਡੀ ਗੋਬਿੰਦਗੜ੍ਹ ਤੇ ਖੰਨਾ ਸ਼ਹਿਰ ਤੱਕ ਪਹੁੰਚੀ।ਇਸ ਸਮਾਗਮ ਨੂੰ ਯੂਨੀਵਰਸਿਟੀ ਦੇ ਆਗੂਆਂ ਸਮੇਤ ਵਾਈਸ ਚਾਂਸਲਰ ਡਾ. ਅਭਿਜੀਤ ਜੋਸ਼ੀ ਤੇ ਵਾਈਸ ਪ੍ਰੈਜ਼ੀਡੈਂਟ ਡਾ. ਹਰਸ਼ ਸਦਾਵਰਤੀ ਨੇ ਸਮਾਜ ਭਲਾਈ ਲਈ ਜਾਗਰੂਕਤਾ ਪੈਦਾ ਕਰਨ ਲਈ ਨਿਰੰਤਰ ਯਤਨਾਂ ਦੀ ਲੋੜ 'ਤੇ ਚਾਨਣਾ ਪਾਇਆ।

ਮਦਰ ਇੰਡੀਆ ਦੇ ਵਿਦਿਆਰਥੀਆਂ ਵੱਲੋਂ ਵੋਟਰ ਜਾਗਰੂਕਤਾ ਰੈਲੀ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)-ਲੋਕ ਸਭਾ ਚੋਣਾਂ ਦੌਰਾਨ ਵੱਧ ਤੋਂ ਵੱਧ ਲੋਕਾਂ ਨੂੰ ਵੋਟ ਦੇ ਇਸਤੇਮਾਲ ਪ੍ਰਤੀ ਜਾਗਰੂਕ ਕਰਨ ਦੇ ਮਕਸਦ ਨਾਲ ਮਦਰ ਇੰਡੀਆ ਪਬਲਿਕ ਸਕੂਲ ਪਾਤੜਾਂ ਦੇ ਵਿਦਿਆਰਥੀਆਂ ਵੱਲੋਂ ਵੋਟਰ ਜਾਗਰੂਕਤਾ ਰੈਲੀ ਕੱਢੀ ਗਈ। ਵਿਦਿਆਰਥੀਆਂ ਨੇ ਪਾਤੜਾਂ ਸ਼ਹਿਰ ਤੇ ਬਣਵਾਲਾ ਪਿੰਡ ਵਿੱਚ ਜਾ ਕੇ ਲੋਕਾਂ ਨੂੰ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਵਿਦਿਆਰਥੀਆਂ ਵੱਲੋਂ ਸਕੂਲ ਦੇ ਅਧਿਆਪਕ ਸ਼੍ਰੀਮਤੀ ਨਿਸ਼ਾ ਦੀ ਅਗਵਾਈ ਹੇਠ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਵਿਦਿਆਰਥੀ ਪਾਤੜਾਂ ਦੇ ਨਾਇਬ ਤਹਿਸੀਲਦਾਰ ਰਮਨਦੀਪ ਸਿੰਘ ਨੂੰ ਵੀ ਮਿਲੇ।

ਉਨ੍ਹਾਂ ਵਿਦਿਆਰਥੀਆਂ ਵੱਲੋਂ ਕੱਢੀ ਗਈ ਰੈਲੀ ਤੇ ਨੁੱਕੜ ਨਾਟਕ ਦੀ ਪ੍ਰਸੰਸਾ ਕੀਤੀ। ਨਾਇਬ ਤਹਿਸੀਲਦਾਰ ਨੇ ਕਿਹਾ ਕਿ ਲੋਕ ਸਭਾ ਚੋਣਾਂ-2024 ਦੌਰਾਨ ਵੱਧ ਤੋਂ ਵੱਧ ਵੋਟਿੰਗ ਨੂੰ ਯਕੀਨੀ ਬਣਾਉਣ ਤੇ ਲੋਕਾਂ ਨੂੰ ਬਿਨਾਂ ਕਿਸੇ ਡਰ, ਭੈਅ ਤੇ ਲਾਲਚ ਦੇ ਆਪਣੇ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਲਈ ਪ੍ਰੇਰਤ ਕਰਨ ਦੇ ਉਦੇਸ਼ ਨਾਲ ਪਾਤੜਾਂ ਵਿੱਚ ਲਗਾਤਾਰ ਜਾਗਰੂਕਤਾ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ। ਰੈਲੀ ਦੌਰਾਨ ਪ੍ਰਿੰਸੀਪਲ ਡਾ. ਨੀਤਿਕਾ ਗੁਪਤਾ ਨੇ ਵੋਟਰਾਂ ਨੂੰ ਵੋਟ ਦੀ ਮਹੱਤਤਾ ਤੋਂ ਜਾਣੂ ਕਰਵਾਉਂਦੇ ਹੋਏ ਕਿਹਾ ਕਿ ਸੂਝਵਾਨ ਵੋਟਰਾਂ ਵੱਲੋਂ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕੀਤੇ ਜਾਣ ਨਾਲ ਹੀ ਭਾਰਤੀ ਲੋਕਤੰਤਰ ਕਾਇਮ ਰਹਿ ਸਕਦਾ ਹੈ। ਚੇਅਰਮੈਨ ਰਾਕੇਸ਼ ਗਰਗ ਨੇ ਬੱਚਿਆਂ ਤੇ ਸਟਾਫ ਵੱਲੋਂ ਸਮੇਂ-ਸਮੇਂ ਕੀਤੇ ਜਾਂਦੇ ਸਮਾਜਿਕ ਉਪਰਾਲਿਆਂ ਦੀ ਸ਼ਲਾਘਾ ਕੀਤੀ।

ਪਰਵਿੰਦਰ ਜੌੜਾ ਬਣੇ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ

ਮਜ਼ਬੂਤ ਲੋਕਤੰਤਰ ਲਈ ਪ੍ਰੈੱਸ ਦੀ ਆਜ਼ਾਦੀ ਜ਼ਰੂਰੀ : ਬਲਵੀਰ ਜੰਡੂ

ਲਹਿਰਾ ਮੁਹੱਬਤ (ਪੱਤਰ ਪ੍ਰੇਰਕ)

'ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ' ਦੇ ਝੰਡੇ ਹੇਠ ਪ੍ਰਿੰਟ ਤੇ ਇਲੈਕਟ੍ਰੋਨਿਕ ਮੀਡੀਆ ਨਾਲ ਜੁੜੇ ਪੱਤਰਕਾਰ ਭਾਈਚਾਰੇ ਦਾ ਇਕੱਠ ਟੀਚਰ ਹੋਮ ਬਠਿੰਡਾ ਵਿਖੇ ਹੋਇਆ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ 'ਇੰਡੀਅਨ ਜਰਨਲਿਸਟ ਯੂਨੀਅਨ' ਦੇ ਕੌਮੀ ਜਨਰਲ ਸਕੱਤਰ ਬਲਵਿੰਦਰ ਜੰਮੂ, 'ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ' ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਜੰਡੂ ਅਤੇ ਸੂਬਾ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ ਸ਼ਿਰਕਤ ਕੀਤੀ। ਦਰਪੇਸ਼ ਮੁਸ਼ਕਿਲਾਂ ਬਾਰੇ ਵਿਚਾਰ ਚਰਚਾ ਉਪਰੰਤ ਜ਼ਿਲ੍ਹਾ ਬਠਿੰਡਾ ਇਕਾਈ ਦਾ ਗਠਨ ਕੀਤਾ ਗਿਆ। ਜ਼ਿਲ੍ਹਾ ਇਕਾਈ ਵਿਚ ਪਰਵਿੰਦਰ ਜੌੜਾ ਨੂੰ ਪ੍ਰਧਾਨ, ਗੁਰਤੇਜ ਸਿੱਧੂ ਚੇਅਰਮੈਨ, ਨਰਪਿੰਦਰ ਧਾਲੀਵਾਲ ਸਰਪ੍ਰਸਤ, ਸੁਖਨੈਬ ਸਿੰਘ ਸਿੱਧੂ ਜਨਰਲ ਸਕੱਤਰ, ਮਨੋਜ ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਹਰਿੰਦਰ ਬੱਲੀ, ਕੁਲਦੀਪ ਮਤਵਾਲਾ ਤੇ ਪ੍ਰਵੀਨ ਕੁਮਾਰ ਸਕੱਤਰ, ਵੀਰਪਾਲ ਭਗਤਾ, ਹੁਸ਼ਿਆਰ ਸਿੰਘ ਘਟੇੜਾ ਤੇ ਰਣਜੀਤ ਸਿੰਘ ਰਾਜੂ ਮੀਤ ਪ੍ਰਧਾਨ, ਗੁਰਦਰਸ਼ਨ ਸਿੰਘ ਲੁੱਧੜ ਖ਼ਜ਼ਾਨਚੀ ਤੇ ਮਨਦੀਪ ਸਿੰਘ ਮੱਕੜ ਨੂੰ ਪ੍ਰੈਸ ਸਕੱਤਰ ਚੁਣਿਆ ਗਿਆ। ਕਾਰਜਕਾਰੀ ਮੈਂਬਰ ਵਜੋਂ ਹਰਮੇਲ ਸਾਗਰ, ਪ੍ਰੀਤਪਾਲ ਸਿੰਘ ਰੋਮਾਣਾ, ਰਾਜਿੰਦਰ ਸਿੰਘ ਮਰਾੜ, ਜਸ ਗਰੇਵਾਲ, ਅੰਮ੍ਰਿਤ ਪਾਲ ਸ਼ਰਮਾ, ਭੀਮ ਸੈਨ ਹਦਵਾਰੀਆ, ਮਨਪ੍ਰੀਤ ਸਿੰਘ, ਹਰਬੰਸ ਸਿੰਘ ਭੋਲਾ ਤੇ ਵਰਿੰਦਰ ਲੱਕੀ ਨੂੰ ਲਿਆ ਗਿਆ। ਮੁੱਖ ਬੁਲਾਰਿਆਂ 'ਚੋਂ 'ਇੰਡੀਅਨ ਜਰਨਲਿਸਟ ਯੂਨੀਅਨ' ਦੇ ਕੌਮੀ ਜਨਰਲ ਸਕੱਤਰ ਬਲਵਿੰਦਰ ਜੰਮੂ ਨੇ ਪੰਜਾਬ ਅਤੇ ਕੌਮੀ ਪੱਧਰ 'ਤੇ ਪੱਤਰਕਾਰਾਂ ਖਾਸ ਕਰਕੇ ਫੀਲਡ ਵਿੱਚ ਕੰਮ ਕਰਦੇ ਪੱਤਰਕਾਰਾਂ ਦੀ ਮਿਹਨਤ/ਕੁਰਬਾਨੀ ਨੂੰ ਸਲਾਮ ਕਰਦਿਆਂ ਕੇਂਦਰ ਸਰਕਾਰ ਤੋਂ ਮੀਡੀਆ ਕਮਿਸ਼ਨ ਬਣਾਉਣ ਅਤੇ ਵੇਜ ਬੋਰਡ ਦੀਆਂ ਸਿਫ਼ਾਰਸ਼ਾਂ ਲਾਗੂ ਕਰਨ ਦੀ ਜ਼ੋਰਦਾਰ ਵਕਾਲਤ ਕੀਤੀ। 'ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ' ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਜੰਡੂ ਦਾ ਕਹਿਣਾ ਸੀ ਕਿ ਅਜੋਕੇ ਦੌਰ 'ਚ ਜਦੋਂ ਆਲਮੀ ਪੱਧਰ 'ਤੇ ਅਖ਼ਬਾਰੀ ਅਦਾਰਿਆਂ, ਸਰਕਾਰਾਂ ਅਤੇ ਪ੍ਰਸ਼ਾਸਨਿਕ ਪੱਧਰ 'ਤੇ ਬਹੁਤ ਹੀ ਤੇਜ਼ੀ ਨਾਲ ਤਬਦੀਲੀਆਂ ਹੋ ਰਹੀਆਂ ਹਨ ਤਾਂ ਲੋਕਤੰਤਰ ਦੀ ਮਜਬੂਤੀ ਲਈ ਪ੍ਰੈੱਸ ਦੀ ਆਜ਼ਾਦੀ ਬਰਕਰਾਰ ਰਹਿਣੀ ਚਾਹੀਦੀ ਹੈ। ਸੂਬਾ ਜਥੇਬੰਦਕ ਸਕੱਤਰ ਸੰਤੋਖ ਗਿੱਲ ਨੇ ਕਿਹਾ ਕਿ ਆਪਣੀਆਂ ਜਾਨਾਂ ਜ਼ੋਖ਼ਮ ਵਿੱਚ ਪਾ ਕੇ ਸੇਵਾ ਕਰਦੇ ਆ ਰਹੇ ਪੱਤਰਕਾਰਾਂ ਦੇ ਹਿਤਾਂ ਦੀ ਰਾਖੀ ਲਈ ਇੱਕ ਮਜਬੂਤ ਪੱਤਰਕਾਰ ਜਥੇਬੰਦੀ ਦਾ ਹੋਣਾ ਸਮੇਂ ਦੀ ਸਖ਼ਤ ਲੋੜ ਹੈ। ਨਵੇਂ ਚੁਣੇ ਪ੍ਰਧਾਨ ਪਰਵਿੰਦਰ ਜੌੜਾ ਨੇ ਵਿਸ਼ਵਾਸ ਦਿਵਾਇਆ ਕ

13- May Page - 3.qxd 5/12/2024 10:31 PM Page 1

ਫਰੀਡਮ ਫਾਈਟਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ 'ਚ ਅਹਿਮ ਮਤੇ ਪਾਸ

ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)-ਫਰੀਡਮ ਫਾਈਟਰ ਫੈਮਲੀ ਵੈੱਲਫੇਅਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਪ੍ਰਧਾਨ ਬਖਤਾਵਰ ਸਿੰਘ ਲਾਧੂਪੁਰ ਦੀ ਪ੍ਰਧਾਨਗੀ ਹੇਠ ਲਾਧੂਪੁਰ ਵਿਖੇ ਹੋਈ।ਇਸ ਮੀਟਿੰਗ ਵਿੱਚ ਫਰੀਡਮ ਫਾਈਟਰ ਪਰਿਵਾਰਾਂ ਦੇ ਲਗਭਗ 45 ਮੈਂਬਰ ਸ਼ਾਮਿਲ ਹੋਏ।ਇਸ ਵਿੱਚ ਵੱਖ-ਵੱਖ ਮੈਂਬਰਾਂ ਵੱਲੋਂ ਬਹੁਤ ਸਾਰੇ ਭਖਦੇ ਮਸਲਿਆਂ 'ਤੇ ਵਿਚਾਰ ਚਰਚਾਵਾਂ ਕੀਤੀਆਂ ਗਈਆਂ ਅਤੇ ਕੀਮਤੀ ਸੁਝਾਅ ਦਿੱਤੇ ਗਏ।ਇਸ ਮੀਟਿੰਗ ਵਿੱਚ ਸਰਬਸੰਮਤੀ ਨਾਲ ਨਵੇਂ ਖਜ਼ਾਨਚੀ ਭੁਪਿੰਦਰ ਸਿੰਘ ਲੀਲ ਕਲਾਂ ਦੀ ਚੋਣ ਕੀਤੀ ਗਈ ਜਿਸ ਨੂੰ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਅਤੇ ਨਵੀਂ ਕਾਰਜਕਾਰਨੀ ਦਾ ਵਿਸਥਾਰ ਕੀਤਾ ਗਿਆ, ਜਿਸ ਵਿੱਚ ਜਸਵੰਤ ਸਿੰਘ, ਰਜਿੰਦਰ ਕੁਮਾਰ, ਪਾਲ ਸਿੰਘ, ਸੁਰਿੰਦਰ ਸਿੰਘ ਲੱਕੀ, ਸੁਰਿੰਦਰ ਸਿੰਘ ਲਾਧੂਪੁਰ, ਅਮਰੀਕ ਸਿੰਘ ਬਾਲੇਵਾਲ, ਸਰਬਜੀਤ ਕੌਰ

ਭੁਪਿੰਦਰ ਸਿੰਘ ਲੀਲ ਕਲਾਂ ਸਰਬਸੰਮਤੀ ਨਾਲ ਖਜ਼ਾਨਚੀ ਨਿਯੁਕਤ

ਸਿੱਧਵਾਂ ਅਤੇ ਭੁਪਿੰਦਰ ਸਿੰਘ ਹਰਚੋਵਾਲ ਸ਼ਾਮਿਲ ਕੀਤੇ ਗਏ ।ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਦੇ ਬਾਵਜੂਦ ਡੀਸੀ ਦਫਤਰ ਵੱਲੋਂ ਫਰੀਡਮ ਫਾਈਟਰ ਪਰਿਵਾਰਾਂ ਨਾਲ ਮੀਟਿੰਗ ਜੋ ਕਿ ਹਰ ਮਹੀਨੇ ਕਰਨੀ ਹੁੰਦੀ ਹੈ ਉਹ ਨਹੀਂ ਕੀਤੀ ਜਾ ਰਹੀ ਅਤੇ ਨਾ ਹੀ ਫਰੀਡਮ ਫਾਈਟਰ ਪਰਿਵਾਰਾਂ ਦੇ ਮੈਂਬਰਾਂ ਨੂੰ ਜ਼ਿਲ੍ਹਾ ਲੈਵਲ ਦੀਆਂ ਕਮੇਟੀਆਂ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ।ਇਸ ਸਬੰਧੀ ਤੁਰੰਤ ਕਾਰਵਾਈ ਕਰਨ ਲਈ ਡੀਸੀ ਗੁਰਦਾਸਪੁਰ ਅਤੇ ਪਠਾਨਕੋਟ ਨੂੰ ਅਲਟੀਮੇਟਮ ਦਿੱਤਾ ਜਾਵੇ, ਬਹੁਤ ਸਾਰੇ ਫਰੀਡਮ ਫਾਈਟਰ ਪਰਿਵਾਰ ਦੇ ਮੈਂਬਰਾਂ ਦੇ ਸਰਟੀਫਿਕੇਟ ਅਤੇ ਕਾਰਡ ਸਬੰਧੀ ਕਾਰਵਾਈ ਦੇ ਬਾਵਜੂਦ ਸਰਟੀਫਿਕੇਟ ਅਤੇ ਕਾਰਡ ਜਾਰੀ ਨਹੀਂ ਕੀਤੇ ਜਾ ਰਹੇ, ਇਸ ਸਬੰਧੀ ਡੀਸੀ ਸਾਹਿਬ ਨੂੰ ਅਲਟੀਮੇਟਮ ਦਿੱਤਾ ਜਾਵੇਗਾ ।ਇਸ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਿੰ. ਸੁਲੱਖਣ ਸਿੰਘ ਗੁਰਾਇਆ, ਖੜਕ ਸਿੰਘ, ਸੁਖਦੇਵ ਸਿੰਘ, ਪ੍ਰਿਤਪਾਲ ਸਿੰਘ, ਗੁਰਬਚਨ ਸਿੰਘ, ਸੁਰਿੰਦਰ ਸਿੰਘ, ਅਮਰੀਕ ਸਿੰਘ ਬਾਲੇਵਾਲ, ਹਰਜਿੰਦਰ ਕੁਮਾਰ, ਖਜੂਰ ਸਿੰਘ, ਤਰਸੇਮ ਸਿੰਘ, ਭੁਪਿੰਦਰ ਸਿੰਘ, ਪਿਆਰਾ ਸਿੰਘ, ਸਤਨਾਮ ਸਿੰਘ, ਲਖਵਿੰਦਰ ਸਿੰਘ, ਬੀਬੀ ਸਰਬਜੀਤ ਕੌਰ, ਮਹਿੰਦਰ ਸਿੰਘ, ਵਿਸ਼ਾਲ, ਕੇਵਲ ਕ੍ਰਿਸ਼ਨ, ਸੁਰਿੰਦਰ ਬੀਰ ਅਤੇ ਹੋਰ ਬਹੁਤ ਸਾਰੇ ਮੈਂਬਰ ਸ਼ਾਮਿਲ ਹੋਏ।

ਬੈਂਕ ਆਫ ਇੰਡੀਆ ਨੇ ਲਾਭਪਾਤਰੀਆਂ ਨੂੰ ਬੀਮੇ ਦੀ ਰਾਸ਼ੀ ਵੰਡੀ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-ਤਹਿਸੀਲ ਅਜਨਾਲਾ ਦੇ ਕਸਬਾ ਗੱਗੋ ਮਾਹਲ 'ਚ ਸਥਿਤ ਬੈਂਕ ਆਫ ਇੰਡੀਆ ਦੀ ਬਰਾਂਚ ਗਗੋਮਾਹਲ ਵੱਲੋਂ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਤਹਿਤ ਆਪਣੇ ਖਾਤਾ ਧਾਰਕਾਂ ਦੀ ਕੀਤੀ ਗਈ ਬੀਮਾ ਸਕੀਮ ਵਿੱਚ ਬੀਮਾ ਧਾਰਕ ਦੀ ਹੋਈ ਮੌਤ ਉਪਰੰਤ ਉਸਦੇ ਵਾਰਸਾਂ ਨੂੰ ਬੈਂਕ ਤੇ ਮੈਨੇਜਰ ਸੁਨੀਲ ਕੁਮਾਰ ਦੀ ਅਗਵਾਈ ਵਿੱਚ ਕਰਵਾਏ ਇੱਕ ਸੰਖੇਪ ਸਮਾਰੋਹ ਦੌਰਾਨ ਬਣਦੀ ਬੀਮੇ ਦੀ ਰਾਸ਼ੀ ਵੰਡੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਬਰਾਂਚ ਮੈਨੇਜਰ ਸੁਨੀਲ ਕੁਮਾਰ ਨੇ ਕਿਹਾ ਕਿ ਹਰੇਕ ਨਾਗਰਿਕ ਵਾਸਤੇ ਲਈ ਆਪਣਾ ਜੀਵਨ ਬੀਮਾ ਕਰਾਉਣਾ ਬਹੁਤ ਹੀ ਜ਼ਰੂਰੀ ਹੈ ਕਿਉਂਕਿ ਇਹ ਬੀਮਾ ਰਾਸ਼ੀ ਪੀੜਤ ਪਰਿਵਾਰ ਦੀ ਬਹੁਤ ਵੱਡੀ ਆਰਥਿਕ ਸਹਾਇਤਾ ਹੈ।ਉਨ੍ਹਾਂ ਦੱਸਿਆ ਕਿ ਬੈਂਕ ਆਫ ਇੰਡੀਆ ਵਿੱਚ ਪ੍ਰਧਾਨ ਮੰਤਰੀ ਜੀਵਨ ਜੋਤੀ ਬੀਮਾ ਯੋਜਨਾ ਤਹਿਤ 18 ਤੋਂ 50 ਸਾਲ ਦੇ ਵਿਅਕਤੀਆਂ ਲਈ ਸਾਲਾਨਾ 436 ਰੁਪਏ ਵਿੱਚ ਦੋ ਲੱਖ ਰੁਪਏ ਤੱਕ ਦਾ ਜੀਵਨ ਬੀਮਾ ਕੀਤਾ ਜਾਂਦਾ ਹੈ ਜਿਸ ਵਿੱਚ ਬੀਮਾ ਧਾਰਕ ਦੀ ਮੌਤ ਹੋਣ ਉਪਰੰਤ ਉਸਦੇ ਵਾਰਸਾਂ ਨੂੰ 2 ਲੱਖ ਰੁਪਏ ਦੀ ਆਰਥਿਕ ਸਹਾਇਤਾ ਦਿੱਤੀ ਜਾਂਦੀ ਹੈ ।ਇਸ ਮੌਕੇ ਉਨ੍ਹਾਂ ਬੀਮਾ ਧਾਰਕ ਸੁਖਜਿੰਦਰ ਕੌਰ ਅਤੇ ਰਵਜੋਤ ਕੌਰ ਦੇ ਵਾਰਸਾਂ ਨੂੰ ਦੋ-ਦੋ ਲੱਖ ਰੁਪਏ ਦੀ ਰਾਸ਼ੀ ਦੇ ਚੈੱਕ ਭੇਟ ਕੀਤੇ।ਉਨ੍ਹਾਂ ਸਮੂਹ ਖਾਤਾ ਧਾਰਕਾਂ ਨੂੰ ਸਾਲਾਨਾ 436 ਰੁਪਏ ਵਿੱਚ ਇਹ ਬੀਮਾ ਕਰਵਾਉਣ ਦੀ ਅਪੀਲ ਵੀ ਕੀਤੀ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮ ਕੁਮਾਰ, ਸੁੱਖਪ੍ਰੀਤ ਸਿੰਘ, ਸ਼ਾਮ ਸਿੰਘ, ਵਿਸ਼ਾਲ ਸਿੰਘ, ਸਾਹਿਬ ਸਿੰਘ ਆਦਿ ਹਾਜ਼ਰ ਸਨ।

ਵਿਰਸਾ ਸਿੰਘ ਵਲਟੋਹਾ ਹਲਕਾ ਖਡੂਰ ਸਭਾ ਤੋਂ ਸ਼ਾਨਦਾਰ ਜਿੱਤ ਪ੍ਰਾਪਤ ਕਰਨਗੇ: ਛੱਜਲਵੱਡੀ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਵਿਰਸਾ ਸਿੰਘ ਵਲਟੋਹਾ ਦੀ ਚੋਣ ਮੁਹਿੰਮ ਨੂੰ ਤੇਜ਼ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਹਲਕਾ ਜੰਡਿਆਲਾ ਗੁਰੂ ਦੇ ਇੰਚਾਰਜ ਸਤਿੰਦਰਜੀਤ ਸਿੰਘ ਛੱਜਲਵੱਡੀ ਵੱਲੋਂ ਅੱਜ ਤਰਸਿਕਾ ਨਾਲ ਸੰਬੰਧਿਤ ਹਲਕੇ ਦੇ ਵੱਖ-ਵੱਖ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਗਏ ਵਿਰਸਾ ਸਿੰਘ ਵਲਟੋਹਾ ਨੂੰ ਵੱਡੇ ਵੋਟਾਂ ਦੇ ਫਰਕ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਿਆ ਜਾਵੇ ਤਾਂ ਜੋ ਹਲਕਾ ਖਡੂਰ ਸਾਹਿਬ ਦੇ ਰਹਿੰਦੇ ਹੋਏ ਅਧੂਰੇ ਕੰਮਾਂ ਨੂੰ ਤਨ ਦੇਹੀ ਨਾਲ ਨੇਪਰੇ ਚਾੜ੍ਹਿਆ ਜਾ ਸਕੇ । ਅੱਜ ਸਾਬਕਾ ਸਰਪੰਚ ਸਾਹਿਬ ਸਿੰਘ ਖਜਾਲਾ ਦੇ ਗ੍ਰਹਿ ਵਿਖੇ ਪਿੰਡ ਵਾਸੀਆਂ ਦੀ ਇਕੱਤਰਤਾ ਨੂੰ ਸੰਬਧਨ ਕਰਦਿਆਂ ਸਤਿੰਦਰਜੀਤ ਸਿੰਘ ਛੱਜਲਵੱਡੀ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਹਮੇਸ਼ਾ ਹੀ ਪੰਜਾਬ ਪੰਜਾਬੀਅਤ ਦੀ ਗੱਲ ਕੀਤੀ ਹੈ ਅਤੇ ਅਤੇ ਪੰਜਾਬ ਦੇ ਲੋਕਾਂ ਦੀਆਂ ਸਹੂਲਤਾਂ ਨੂੰ ਮੁੱਖ ਰੱਖਦਿਆਂ ਹੋਇਆਂ ਕੰਮ ਕੀਤੇ ਹਨ ਜਿਸ ਤੋਂ ਪੰਜਾਬ ਦੇ ਲੋਕ ਬੇਹੱਦ ਖੁਸ਼ ਹਨ ਅਤੇ ਅੱਜ ਲੋਕ ਚਾਹੁੰਦੇ ਹਨ ਕਿ ਪੰਜਾਬ ਦੀ ਵਾਗਡੋਰ ਫਿਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਵਿੱਚ ਹੋਵੇ, ਇਸ ਲਈ ਹੁਣ ਲੋਕ ਆਪਣਾ ਮਨ ਬਣਾ ਚੁੱਕੇ ਹਨ ਕਿ ਹਲਕਾ ਖਡੂਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨੂੰ ਸ਼ਾਨ ਨਾਲ ਜਤਾਇਆ ਜਾਵੇ। ਉਨ੍ਹਾਂ ਕਿਹਾ ਕਿ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਅਤੇ ਲੰਘ ਚੁੱਕੀ ਕਾਂਗਰਸ ਪਾਰਟੀ ਦੀ ਸਰਕਾਰ ਨੇ ਪੰਜਾਬ ਦੇ ਵਿਕਾਸ ਲਈ ਕੁਝ ਨਹੀਂ ਕੀਤਾ, ਲੋਕ ਸਹੂਲਤਾਂ ਨੂੰ ਤਰਸਦੇ ਰਹੇ ਹਨ ਅਤੇ ਹੁਣ ਵੀ ਤਰਸ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਝੂਠਾ ਪ੍ਰਚਾਰ ਕਰਕੇ ਪੰਜਾਬ ਦੇ ਲੋਕਾਂ ਨੂੰ ਗੁਮਰਾਹ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਪਰ ਪੰਜਾਬ ਦੇ ਲੋਕ ਹੁਣ ਭਗਵੰਤ ਮਾਨ ਦੀਆਂ ਚਾਲਾਂ ਵਿੱਚ ਆਉਣ ਵਾਲੇ ਨਹੀਂ ਹਨ। ਸਰਪੰਚ ਸਾਹਿਬ ਸਿੰਘ ਖਜਾਲਾ, ਯੂਥ ਸਰਕਲ ਪ੍ਰਧਾਨ ਜੋਧਾ ਖਜਾਲਾ ਨੇ ਛੱਜਲਵੱਡੀ ਨੂੰ ਯਕੀਨ ਦਵਾਇਆ ਕਿ ਉਹ ਆਪਣੇ ਪਿੰਡ ਵਿੱਚੋਂ ਭਾਰੀ ਵੋਟਾਂ ਦੇ ਵੱਡੇ ਫਰਕ ਨਾਲ ਵਿਰਸਾ ਸਿੰਘ ਵਲਟੋਹਾ ਨੂੰ ਜਿਤਾਉਣਗੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਸਰਕਲ ਤਰਸਿੱਕਾ ਦੇ ਪ੍ਰਧਾਨ ਮਨਜੀਤ ਸਿੰਘ ਤਰਸਿੱਕਾ, ਯੂਥ ਪ੍ਰਧਾਨ ਯੋਧਾ ਖਜਾਲਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

ਸਰਕਾਰੀ ਆਈ ਟੀ ਆਈ ਰਣੀਕੇ 'ਚ ਨੌਜਵਾਨਾਂ ਨੂੰ ਵੋਟ ਪਾਉਣ ਲਈ ਕੀਤਾ ਪ੍ਰੇਰਿਤ

ਅੰਮ੍ਰਿਤਸਰ ਸਾਹਿਬ, (ਜਗਦੀਸ਼ ਕਮਲੇਸ਼)-ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਘਨਸ਼ਾਮ ਥੋਰੀ ਦੀ ਯੋਗ ਅਗਵਾਈ ਹੇਠ ਚੇਅਰਪਰਸਨ ਸਵੀਪ-ਕਮ-ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਨਿਕਾਸ ਕੁਮਾਰ ਵੱਲੋਂ ਉਲੀਕੇ ਪ੍ਰੋਗਰਾਮ ਤਹਿਤ ਅਗਾਮੀ ਲੋਕਸਭਾ ਚੋਣਾਂ-2024 ਵਿੱਚ ਵੋਟਰਾਂ ਦੀ ਹਿੱਸੇਦਾਰੀ ਵਧਾਉਣ ਲਈ ਸੁਚਾਰੂ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ (ਸਵੀਪ) ਸਬੰਧੀ ਗਤੀਵਿਧੀਆਂ ਦੀ ਲੜੀ ਵਿਚ ਸਰਕਾਰੀ ਆਈਟੀਆਈ ਰਣੀਕੇ ਵੱਲੋਂ ਵੋਟਰ ਜਾਗਰੂਕਤਾ ਸਬੰਧੀ ਗਤੀਵਿਧੀਆਂ ਕਰਵਾਈਆਂ ਗਈਆਂ।ਇਸ ਮੌਕੇ ਬੋਲਦੇ ਹੋਏ ਵਿਧਾਨ ਸਭਾ ਹਲਕਾ ਅਟਾਰੀ ਦੇ ਨੋਡਲ ਅਫ਼ਸਰ ਪੀਡਬਲਿਊਡੀ ਸੰਤੋਸ਼ ਕੁਮਾਰੀ ਨੇ ਕਿਹਾ ਕਿ ਆਈਟੀਆਈ ਵਿਖੇ ਟ੍ਰੇਡ ਵਾਈਜ਼ ਸਵੀਪ ਗਤੀਵਿਧੀਆਂ ਕੀਤੀਆਂ ਗਈਆਂ।ਉਨ੍ਹਾਂ ਦੱਸਿਆ ਕਿ ਇਲੈਕਟ੍ਰਿਕ ਟ੍ਰੇਡ ਦੇ ਵਿਦਿਆਰਥੀਆਂ ਵੱਲੋਂ ਐਲਈਡੀ ਬੱਲਬਾਂ ਦੀ ਸਹਾਇਤਾ ਨਾਲ ਵੋਟ 2024 ਲਿਖਿਆ ਗਿਆ ਜਦਕਿ ਸਿਲਾਈ ਟ੍ਰੇਡ ਦੇ ਬੱਚਿਆਂ ਨੇ ਪੋਸਟਰ ਅਤੇ ਰੰਗੋਲੀ ਬਣਾਈ।ਉਨ੍ਹਾਂ ਕਿਹਾ ਕਿ ਪਲੰਬਿੰਗ ਟ੍ਰੇਡ ਦੇ ਵਿਦਿਆਰਥੀਆਂ ਨੇ ਔਜ਼ਾਰਾਂ ਨਾਲ ਵੋਟ 2024 ਲਿਖ ਕੇ ਸਵੀਪ ਗਤੀਵਿਧੀ ਕੀਤੀ।ਉਨ੍ਹਾਂ ਦੱਸਿਆ ਕਿ ਕਢਾਈ ਟਰੇਡ ਦੇ ਵਿਦਿਆਰਥੀਆਂ ਨੇ ਕਢਾਈ ਨਾਲ ਵੱਖ-ਵੱਖ ਤਰ੍ਹਾਂ ਦੇ ਪੋਸਟਰ ਬਣਾਏ।ਉਨ੍ਹਾਂ ਨੌਜਵਾਨਾਂ ਨੂੰ ਅਗਾਮੀ ਲੋਕਸਭਾ ਚੋਣਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣ ਦੀ ਅਪੀਲ ਕੀਤੀ।ਇਸ ਮੌਕੇ ਗੁਰਪ੍ਰੀਤ ਸਿੰਘ ਪ੍ਰਿੰ., ਸੁਖਚੈਨ ਸਿੰਘ ਬੀਐੱਲਓ, ਰੀਤੂ ਬਾਲਾ, ਅਮਨ ਕੁਮਾਰ, ਵਰੁਣਜੀਤ ਕੌਰ, ਸੋਸ਼ਲ ਮੀਡੀਆ ਟੀਮ ਮੈਂਬਰ ਸਾਜਨ ਕੁਮਾਰ, ਪ੍ਰੋ. ਸੰਦੀਪ ਕੁਮਾਰ ਸ਼ਰਮਾ ਵੀ ਹਾਜ਼ਰ ਸਨ ।

ਮਜ਼ਬੂਤੀ ਸਿੱਖ ਤੇ ਵਾਲਮੀਕਿ 12.5% ਰਾਖਵਾਂਕਰਨ ਮੋਰਚਾ ਦੀਆਂ ਮੰਗਾਂ ਨੂੰ ਉਭਾਰਨ ਸਬੰਧੀ ਮੀਟਿੰਗਾਂ ਜਾਰੀ

ਝਬਾਲ (ਹਰਜਿੰਦਰ ਸਿੰਘ ਸੋਨੀ)-ਤਰਨ ਤਾਰਨ ਜ਼ਿਲ੍ਹੇ ਦੇ ਪਿੰਡ ਖੈਰਦੀਨ ਕੇ ਅਤੇ ਢੰਡ ਵਿਖੇ ਸੰਸਥਾ ਦੀਆਂ ਮੀਟਿਗਾਂ ਦੌਰਾਨ ਚਰਚਾ ਦਾ ਮੁੱਖ ਵਿਸ਼ਾ ਪੰਜਾਬ ਦੇ ਮਜ਼ਬੀ ਸਿੱਖ ਅਤੇ ਵਾਲਮੀਕਿ ਭਾਈਚਾਰੇ ਦੀ ਅਬਾਦੀ ਪੱਖੋਂ ਕ੍ਰਮਵਾਰ ਗਿਣਤੀ ਪੰਜਾਬ ਵਿਚ 31-32 ਲੱਖ ਅਨੁਸੂਚਿਤ ਜਾਤੀਆਂ 'ਚੋਂ ਸਭ ਤੋਂ ਵੱਧ ਆਬਾਦੀ ਵਾਲੀ ਜਾਤੀ ਹੈ ਅਤੇ ਇਸਦੇ ਨਾਲ ਨਾਲ ਵਾਲਮੀਕਿ 10 -11 ਲੱਖ ਹੈ। ਇੰਨੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਵੀ ਇਹ ਜਾਤੀਆਂ ਵਿੱਦਿਅਕ, ਸਮਾਜਿਕ, ਆਰਥਿਕ ਆਦਿ ਪੱਖੋਂ ਸਭ ਤੋਂ ਵੱਧ ਪੱਛੜੀਆਂ ਹੋਈਆਂ ਹਨ। ਇਨ੍ਹਾਂ ਨੂੰ ਆਪਣੇ ਹੱਕਾਂ ਹਿੱਤਾਂ ਪ੍ਰਤੀ ਜਾਗਰੂਕ ਕਰਨ ਲਈ ਚੇਤਨਾ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਮੀਟਿੰਗਾਂ ਦੌਰਾਨ ਕੁਝ ਫੈਸਲੇ ਕੀਤੇ ਗਏ ਜਿਨ੍ਹਾਂ ਅਨੁਸਾਰ ਆਪਣੇ ਭਾਈਚਾਰੇ ਦੇ ਪ੍ਰਤੀਕ ਬਾਬਾ ਜੀਵਨ ਸਿੰਘ ਦੀ ਯਾਦਗਾਰ ਵਜੋਂ ਬਹੁ-ਉਦੇਸ਼ੀ ਸੰਸਥਾਨ ਘੱਟੋ-ਘੱਟ 500 ਏਕੜ ਜਮੀਨ ਵਿਚ ਖੜ੍ਹਾ ਕਰਨਾ ਜੋ ਮੈਡੀਕਲ, ਇੰਜੀਨੀਰਿੰਗ, ਪ੍ਰੋਫੈਸ਼ਨਲ ਅਤੇ ਭਵਿੱਖੀ ਰੁਦਜ਼ਗਾਰ ਆਦਿ ਨੂੰ ਸੇਧਤ ਹੋਵੇ, ਵਿੱਦਿਅਕ ਅਦਾਰਿਆਂ ਵਿਚ ਐੱਮਐੱਸਬੀ ਦੇ ਵਿਦਿਆਥੀਆਂ/ਸਿਖਿਆਰਥੀਆਂ ਲਈ 1975 ਤੋਂ (ਜਦੋਂ ਤੋਂ ਸਿੱਧੀ ਭਰਤੀ 'ਚ ਰਾਖਵਾਂਕਰਨ ਸ਼ੁਰੂ ਹੋਇਆ ਹੈ) ਰਾਖਵਾਂਕਰਨ ਨਾ ਹੋਣ ਕਰਕੇ ਲੋੜੀਂਦੀਆਂ ਵਿੱਦਿਅਕ/ਪ੍ਰੋਫੈਸ਼ਨਲ ਯੋਗਤਾਵਾਂ ਪ੍ਰਾਪਤ ਨਹੀਂ ਕਰ ਪਾਉਂਦੇ,ਜਿਸ ਕਾਰਨ ਬਹੁਤ ਸਾਰੀਆਂ ਪੰਜਾਬ ਸਰਕਾਰ ਦੀਆਂ ਨੌਕਰੀਆਂ 'ਚ ਭਰਤੀ ਸਮੇਂ ਮਜ਼ਬੀ ਸਿੱਖ ਅਤੇ ਵਾਲਮੀਕਿ ਕੋਟੇ ਦੀਆਂ ਅਸਾਮੀਆਂ ਖਾਲੀ ਰਹਿ ਜਾਂਦੀਆਂ ਹਨ। ਇਸੇ ਤਰਾਂ ਵੱਖ:ਵੱਖ ਮਹਿਕਮਿਆਂ 'ਚ ਵੱਖ-ਵੱਖ ਅਸਾਮੀਆਂ ਤੇ ਮਜ਼ਬੀ ਸਿੱਖ ਅਤੇ ਵਾਲਮੀਕਿ ਦੀ ਪ੍ਰਤੀਨਿਧਤਾ ਇਨ੍ਹਾਂ ਦੀ ਗਿਣਤੀ ਦੇ ਮੁਕਾਬਲੇ ਅਤਿਅੰਤ ਘੱਟ ਹੈ। ਇਸ ਲਈ ਵਿੱਦਿਅਕ/ਪ੍ਰੋਫੈਸ਼ਨਲ ਅਦਾਰਿਆਂ ਅਤੇ ਪਦਉੱਨਤੀਆਂ 'ਚ 50% ਰਾਖਵਾਂਕਰਨ ਲਾਗੂ ਕਰਵਾਉਣਾ ਜ਼ਰੂਰੀ ਹੈ, ਵਿੱਦਿਆਰਥੀਆਂ ਲਈ ਦੇਸ਼/ਵਿਦੇਸ਼ 'ਚ ਹਰ ਪੱਧਰ ਦੀ ਪੜ੍ਹਾਈ ਮੁਫ਼ਤ ਹੋਵੇ, ਇਸ ਲਈ ਲੋੜੀਂਦੇ ਖਰਚ ਸਰਕਾਰ ਵੱਲੋਂ ਦਿੱਤੇ ਜਾਣ ਅਤੇ ਪੜ੍ਹਾਈ ਵੱਲ ਪ੍ਰੇਰਿਤ ਕਰਨ ਲਈ ਵਧੀਆ ਸਕਾਲਰਸ਼ਿਪ ਦਿੱਤੀ ਜਾਣੀ ਚਾਹੀਦੀ ਹੈ, ਦੁਕਾਨਾਂ, ਫੈਕਟਰੀਆਂ ਅਤੇ ਛੋਟੇ ਮੋਟੇ ਕਾਰੋਬਾਰ ਆਦਿ ਕਰਨ ਲਈ ਬਿਨਾਂ ਵਿਆਜ ਕਰਜ਼ ਸਰਕਾਰ ਵੱਲੋਂ ਮੁਹੱਈਆ ਕਰਵਾਏ ਜਾਣ। ਮੀਟਿੰਗਾਂ ਦੌਰਾਨ ਸੰਗਤਾਂ ਨੇ ਜੈਕਾਰੇ ਲਾ ਕੇ ਮੋਰਚੇ ਦੀ ਪਿੰਡ ਖ਼ੈਰਦੀਨ ਕੇ ਇਕਾਈ ਦੇ ਪ੍ਰਧਾਨ ਸਰਬਜੀਤ ਸਿੰਘ ਅਤੇ ਉੱਪ ਪ੍ਰਧਾਨ ਬਲਜੀਤ ਸਿੰਘ ਨੂੰ ਪ੍ਰਵਾਨ ਕੀਤਾ। ਇਸੇ ਤਰ੍ਹਾਂ ਪਿੰਡ ਢੰਡ ਦੀ ਇਕਾਈ ਦੇ ਪ੍ਰਧਾਨ ਅਵਤਾਰ ਸਿੰਘ, ਜਨਰਲ ਸਕੱਤਰ ਸਾਹਿਬ ਸਿੰਘ ਅਤੇ ਮੈਂਬਰਜ਼ ਰਾਜ ਸਿੰਘ, ਨਵਪ੍ਰੀਤ ਸਿੰਘ, ਜਤਿੰਦਰ ਸਿੰਘ, ਕੁਲਦੀਪ ਸਿੰਘ ਅਤੇ ਮਲਕੀਤ ਸਿੰਘ ਨੂੰ ਪ੍ਰਵਾਨ ਕੀਤਾ ਗਿਆ। ਭਾਈਚਾਰੇ ਨੂੰ ਅਪੀਲ ਕੀਤੀ ਗਈ ਕਿ ਆਪਸੀ ਮੱਤਭੇਦ ਪਾਸੇ ਰੱਖਦਿਆਂ ਰਾਜਨੀਤਕ ਪਾਰਟੀਆਂ ਦੀ ਸੋਚ ਤੋਂ ਉੱਪਰ ਉੱਠ ਕੇ ਆਪਣੀਆਂ ਇੱਕਤ੍ਰਤਾਵਾਂ ਕਰ ਕੇ ਸਾਂਝੀ ਰਾਇ ਬਣਾ ਕੇ ਉਸ ਰਾਜਨੀਤਕ ਪਾਰਟੀ ਦੀ ਮਦਦ ਕੀਤੀ ਜਾਵੇ ਜੋ ਸਾਡੇ ਭਾਈਚਾਰੇ ਦੀਆਂ ਮੰਗਾਂ ਹੱਲ ਕਰਨ ਦੀ ਸਮਾਂਬੱਧ ਗ

13-May-PAGE-4-Adtiorial.qxd 5/12/2024 10:30 PM Page 1

ਨਵਾਂ ਜ਼ਮਾਨਾ
ਸੋਮਵਾਰ, 13 ਮਈ 2024

ਦੁਖਦੀ ਰਗ 'ਤੇ ਹੱਥ

ਤਿਹਾੜ ਜੇਲ੍ਹ ਵਿੱਚੋਂ ਬਾਹਰ ਆਉਣ ਤੋਂ ਇਕ ਦਿਨ ਬਾਅਦ ਸ਼ਨੀਵਾਰ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪ੍ਰੈੱਸ ਕਾਨਫਰੰਸ 'ਚ ਕੁਝ ਅਜਿਹੀਆਂ ਗੱਲਾਂ ਕਹਿ ਦਿੱਤੀਆਂ ਕਿ ਭਾਜਪਾ ਦੇ ਆਗੂ ਬਹੁਤ ਪ੍ਰੇਸ਼ਾਨ ਹੋ ਗਏ। ਕੇਜਰੀਵਾਲ ਨੇ ਇਕ ਗੱਲ ਤਾਂ ਇਹ ਕਹੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਿਤ ਸ਼ਾਹ ਨੇ ਇਹ ਨਿਯਮ ਬਣਾ ਰੱਖਿਆ ਹੈ ਕਿ 75 ਸਾਲ ਦੀ ਉਮਰ ਟੱਪਣ ਵਾਲੇ ਆਗੂਆਂ ਨੂੰ ਸਿਆਸਤ ਤੋਂ ਰਿਟਾਇਰ ਹੋ ਜਾਣਾ ਚਾਹੀਦਾ ਹੈ। ਐੱਲ ਕੇ ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਤੇ ਸੁਮਿਤਰਾ ਨੂੰ ਇਸੇ ਨਿਯਮ ਤਹਿਤ ਲਾਂਭੇ ਕਰ ਦਿੱਤਾ ਗਿਆ ਸੀ। ਮੋਦੀ ਨੇ ਅਗਲੇ ਸਾਲ ਸਤੰਬਰ ਵਿਚ 75 ਦੀ ਉਮਰ ਟੱਪ ਜਾਣੀ ਹੈ ਤੇ ਉਹ ਇਕ ਤਰ੍ਹਾਂ ਨਾਲ ਅਮਿਤ ਸ਼ਾਹ ਨੂੰ ਪ੍ਰਧਾਨ ਮੰਤਰੀ ਬਣਾਉਣ ਲਈ ਹੀ ਵੋਟਾਂ ਮੰਗ ਰਹੇ ਹਨ। ਦੂਜੀ ਗੱਲ ਕੇਜਰੀਵਾਲ ਨੇ ਇਹ ਕਹੀ ਕਿ ਜੇ ਮੋਦੀ ਮੁੜ ਸੱਤਾ ਵਿਚ ਆ ਗਏ ਤਾਂ ਯੂ ਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆ ਨਾਥ ਦੀ ਦੋ ਮਹੀਨਿਆਂ ਵਿਚ ਛੁੱਟੀ ਸਮਝੋ। (ਦਰਅਸਲ ਮੋਦੀ ਤੋਂ ਬਾਅਦ ਯੋਗੀ ਹੀ ਖੁਦ ਨੂੰ ਭਾਜਪਾ ਦਾ ਵੱਡਾ ਆਗੂ ਸਮਝਦੇ ਹਨ ਤੇ ਸ਼ਾਹ ਉਨ੍ਹਾ ਨੂੰ ਆਪਣੇ ਰਾਹ ਦਾ ਰੋੜਾ ਮੰਨਦੇ ਹਨ।) ਕੇਜਰੀਵਾਲ ਦੇ ਬਿਆਨ ਨਾਲ ਵੋਟਰਾਂ ਵਿਚ ਪੈਦਾ ਹੋਣ ਵਾਲੇ ਭੰਬਲਭੂਸੇ ਨਾਲ ਹੋਣ ਵਾਲੇ ਨੁਕਸਾਨ ਨੂੰ ਦੇਖਦਿਆਂ ਅਮਿਤ ਸ਼ਾਹ ਨੇ ਵੀ ਹੈਦਰਾਬਾਦ ਵਿਚ ਪ੍ਰੈੱਸ ਕਾਨਫਰੰਸ ਕਰਕੇ ਸਫਾਈ ਦਿੱਤੀ ਕਿ ਪ੍ਰਧਾਨ ਮੰਤਰੀ ਮੋਦੀ ਹੀ ਰਹਿਣਗੇ। ਭਾਜਪਾ ਦੇ ਸੰਵਿਧਾਨ ਵਿਚ ਕਿਤੇ ਇਹ ਨਹੀਂ ਲਿਖਿਆ ਕਿ 75 ਸਾਲ ਦਾ ਹੋਣ 'ਤੇ ਕੋਈ ਪ੍ਰਧਾਨ ਮੰਤਰੀ ਨਹੀਂ ਰਹੇਗਾ। ਇਸ ਕਰਕੇ ਮੋਦੀ ਦੇ 75 ਸਾਲ ਦੇ ਹੋਣ ਬਾਰੇ ਕੇਜਰੀਵਾਲ ਨੂੰ ਖੁਸ਼ ਹੋਣ ਦੀ ਲੋੜ ਨਹੀਂ।

ਹਾਲਾਂਕਿ ਸ਼ਾਹ ਨੇ ਕੇਜਰੀਵਾਲ ਦੇ ਦਾਅਵੇ ਨੂੰ ਖਾਰਜ ਕੀਤਾ, ਪਰ ਪ੍ਰੈੱਸ ਕਾਨਫਰੰਸ ਵਿਚ ਪੱਤਰਕਾਰਾਂ ਨੇ ਜਿਸ ਤਰ੍ਹਾਂ ਸਵਾਲ ਕੀਤੇ, ਉਸ ਤੋਂ ਉਹ ਅਸਹਿਜ ਨਜ਼ਰ ਆਏ। ਜਦੋਂ ਇਕ ਪੱਤਰਕਾਰ ਨੇ ਕਿਹਾ ਕਿ ਕੇਜਰੀਵਾਲ ਨੇ ਕਿਹਾ ਹੈ ਕਿ ਜਿਵੇਂ ਮੋਦੀ ਨੇ ਅਡਵਾਨੀ ਦਾ ਸਿਆਸੀ ਕੈਰੀਅਰ ਖਤਮ ਕੀਤਾ, ਉਸੇ ਤਰ੍ਹਾਂ ਯੋਗੀ ਦਾ ਕਰ ਦੇਣਗੇ, ਤਾਂ ਸ਼ਾਹ ਨੇ ਮਾਮਲਾ ਟਾਲਦਿਆਂ ਕਿਹਾ ਕਿ ਤੁਹਾਡੇ ਇਲਾਵਾ ਅਜਿਹੀਆਂ ਗੱਲਾਂ ਨੂੰ ਕੋਈ ਨਹੀਂ ਮੰਨਦਾ। ਜਦੋਂ ਇਕ ਹੋਰ ਪੱਤਰਕਾਰ ਨੇ ਕਿਹਾ ਕਿ ਕੇਜਰੀਵਾਲ ਨੇ ਕਿਹਾ ਹੈ ਕਿ ਮੋਦੀ ਤੁਹਾਡੇ ਲਈ ਵੋਟਾਂ ਮੰਗ ਰਹੇ ਹਨ ਤਾਂ ਸ਼ਾਹ ਖਿਝੇ ਨਜ਼ਰ ਆਏ ਤੇ ਕਿਹਾ— ਭਰਾਵਾ ਕੇਜਰੀਵਾਲ ਜੋ ਮਰਜ਼ੀ ਕਹਿਣ, ਮੋਦੀ ਜੀ ਨੂੰ ਨਹੀਂ ਬਦਲਿਆ ਜਾਵੇਗਾ, ਮੈਂ ਸਪੱਸ਼ਟ ਕਰ ਦਿੱਤਾ, ਹੁਣ ਬੈਠ ਜਾਓ।

ਸ਼ਾਹ ਜੋ ਮਰਜ਼ੀ ਕਹਿਣ, ਕੇਜਰੀਵਾਲ ਨੇ ਭਾਜਪਾ ਦੀ ਦੁਖਦੀ ਰਗ 'ਤੇ ਹੱਥ ਧਰ ਦਿੱਤਾ ਹੈ। ਮੋਦੀ ਦੀ ਰਿਟਾਇਰਮੈਂਟ ਦਾ ਮੁੱਦਾ ਸੋਸ਼ਲ ਮੀਡੀਆ ਵਿਚ ਛਾ ਗਿਆ ਹੈ। ਬਹੁਤ ਸਾਰੇ ਲੋਕਾਂ ਨੇ ਸ਼ਾਹ ਦੀ 2019 ਦੀ ਇਕ ਵੀਡੀਓ ਸ਼ੇਅਰ ਕੀਤੀ ਹੈ, ਜਿਸ ਵਿਚ ਉਹ ਕਹਿ ਰਹੇ ਹਨ ਕਿ 75 ਸਾਲ ਤੋਂ ਉੱਪਰ ਵਾਲੇ ਆਗੂਆਂ ਨੂੰ ਕੋਈ ਜ਼ਿੰਮੇਵਾਰੀ ਨਹੀਂ ਦਿੱਤੀ ਜਾਵੇਗੀ। ਯੂ ਪੀ ਦੀ ਮੌਜੂਦਾ ਰਾਜਪਾਲ ਆਨੰਦੀਬੇਨ ਪਟੇਲ ਨੇ 2016 ਵਿਚ ਇਸੇ ਆਧਾਰ 'ਤੇ ਗੁਜਰਾਤ ਦੇ ਮੁੱਖ ਮੰਤਰੀ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ। ਉਨ੍ਹਾ ਟਵੀਟ ਕਰਕੇ ਉਮਰ ਦਾ ਹਵਾਲਾ ਦਿੱਤਾ ਸੀ।

ਦੇਸ਼ ਵਾਸੀਆਂ ਨੂੰ ਚੌਕਸ ਹੋ ਕੇ ਸੰਘ ਦੀ ਹਰ ਚਾਲ ਫੇਲ੍ਹ ਕਰਨੀ ਹੋਵੇਗੀ

ਮੰਗਤ ਰਾਮ ਪਾਸਲਾ

ਹਾਕਮ ਜਮਾਤਾਂ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ, ਲੁਟੇਰੀਆਂ ਰਾਜਨੀਤਕ ਪਾਰਟੀਆਂ ਹਮੇਸ਼ਾ ਜਨ ਸਮੂਹਾਂ ਨੂੰ ਧੋਖਾ ਦੇ ਕੇ ਸੱਤਾ 'ਤੇ ਸਦੀਵੀ ਕਬਜ਼ਾ ਜਮਾਈ ਰੱਖਣ ਲਈ ਯਤਨਸ਼ੀਲ ਰਹਿੰਦੀਆਂ ਹਨ। ਇਨ੍ਹਾਂ ਦਲਾਂ ਦੇ ਬਦਕਿਰਦਾਰ ਨੇਤਾਵਾਂ ਲਈ ਨਾ ਤਾਂ ਰਾਜਨੀਤਕ ਨੈਤਿਕਤਾ ਕੋਈ ਮਾਇਨੇ ਰੱਖਦੀ ਹੈ ਤੇ ਨਾ ਹੀ ਇਨ੍ਹਾਂ ਦੇ ਪੱਲੇ ਸੱਚ ਹੁੰਦਾ ਹੈ। ਰਾਜਨੀਤੀ ਇਨ੍ਹਾਂ ਲੋਕਾਂ ਲਈ ਸਿਰਫ ਤੇ ਸਿਰਫ ਸੱਤਾ 'ਤੇ ਕਾਬਜ਼ ਰਹਿੰਦਿਆਂ ਵੱਧ ਤੋਂ ਵੱਧ ਧਨਵਾਨ ਬਣਨ ਦਾ ਸਾਧਨ ਮਾਤਰ ਹੈ। ਆਪਣੇ ਇਸੇ ਕੋਝੇ ਮੰਤਵ ਦੀ ਪੂਰਤੀ ਲਈ ਇਹ 'ਭੱਦਰਪੁਰਸ਼' ਕਿਸੇ ਵੀ ਵਿਸ਼ੇਸ਼ ਵਿਚਾਰਧਾਰਾ ਨਾਲ 'ਚਿੰਬੜੇ' ਰਹਿਣਾ ਪਸੰਦ ਨਹੀਂ ਕਰਦੇ। ਆਪਣੇ ਨਿੱਜੀ ਸਵਾਰਥਾਂ ਦੀ ਪੂਰਤੀ ਲਈ ਇਹ ਆਪਣੀ 'ਮਾਂ ਪਾਰਟੀ' ਛੱਡ ਕੇ ਬੇਝਿਜਕ ਕਿਸੇ ਵੀ ਦਲ 'ਚ ਸ਼ਾਮਲ ਹੋ ਜਾਂਦੇ ਹਨ ਤੇ ਜਦੋਂ ਜੀਅ ਕਰੇ, ਪੂਰੀ ਨਿਰਲੱਜਤਾ ਨਾਲ ਘਰ ਵਾਪਸੀ ਵੀ ਕਰ ਲੈਂਦੇ ਹਨ। ਭਾਰਤੀ ਰਾਜਨੀਤੀ ਅੰਦਰ ਅਜਿਹੇ ਖੁਦਗਰਜ਼ ਨੇਤਾਵਾਂ ਦੀ ਅੱਜ-ਕੱਲ੍ਹ ਭਰਮਾਰ ਹੈ।

ਪ੍ਰੰਤੂ ਸੰਘ ਦਾ ਥਾਪੜਾ ਪ੍ਰਾਪਤ ਰਾਤ-ਦਿਨ ਨੈਤਿਕਤਾ ਦੀ ਝੂਠੀ ਦੁਹਾਈ ਦੇਣ ਵਾਲੀ ਜਿਸ ਭਾਜਪਾ ਨਾਲ ਭਾਰਤ ਦੇ ਲੋਕਾਂ ਦਾ ਪਿਛਲੇ ਦਸਾਂ ਸਾਲਾਂ ਤੋਂ ਵਾਹ ਪਿਆ ਹੈ, ਉਸ ਨੇ ਤਾਂ ਆਪਣੀਆਂ ਸਿਰੇ ਦੀਆਂ ਮੌਕਾਪ੍ਰਸਤੀਆਂ ਤੇ ਘੋਰ ਅਨੈਤਿਕ ਕਾਰਵਾਈਆਂ ਨਾਲ ਆਮ ਲੋਕਾਂ ਦੀਆਂ ਅੱਖਾਂ ਹੀ ਖੋਲ੍ਹ ਕੇ ਰੱਖ ਦਿੱਤੀਆਂ ਹਨ। ਇਸ ਨੂੰ ਇਕ ਸ਼ੁੱਭ ਸੰਕੇਤ ਹੀ ਕਿਹਾ ਜਾਵੇਗਾ ਕਿ ਭਾਰਤੀ ਲੋਕਾਂ ਨੂੰ ਫਿਰਕੂ ਸੋਚ ਵਾਲੀ, ਸੰਕੀਰਨ ਤੇ ਅਸਲੋਂ ਲੋਕ ਵਿਰੋਧੀ ਰਾਜਸੀ ਪਾਰਟੀ, ਭਾਜਪਾ ਤੇ ਇਸ ਦੇ ਕਥਿਤ ਮਾਰਗ ਦਰਸ਼ਕ 'ਸੰਘ' ਦੀ ਗਲੀਜ ਖੇਡ ਨਾਲ ਇਨ੍ਹਾਂ ਦੀਆਂ ਅੰਦਰੂਨੀ ਪਰਤਾਂ ਨੂੰ ਜਾਨਣ-ਸਮਝਣ ਦਾ ਢੁਕਵਾਂ ਮੌਕਾ ਮਿਲਿਆ ਹੈ। ਇਹ ਕਮਾਲ ਨਹੀਂ ਕਿ ਸੰਘ ਦੇ ਉਹ ਨੇਤਾ, ਜੋ ਆਪਣੇ-ਆਪ ਬਾਰੇ ਉੱਚੇ-ਸੁੱਚੇ ਇਖਲਾਕ ਦੇ ਮਾਲਕ ਤੇ ਸਿਹਤਮੰਦ ਕਦਰਾਂ-ਕੀਮਤਾਂ ਦੇ ਅਜੋਕੇ ਸਭ ਤੋਂ ਵੱਡੇ ਮੁੱਦਈ ਹੋਣ ਦੇ ਦਾਅਵੇ ਕਰਦੇ ਨਹੀਂ ਸਨ ਥੱਕਦੇ, ਉਹ 1925 'ਚ ਆਪਣੇ ਜਨਮ ਦੇ ਸਾਲ ਤੋਂ ਲੈ ਕੇ ਤਕਰੀਬਨ 90 ਸਾਲ ਤੱਕ ਦੁਨੀਆ ਸਾਹਮਣੇ ਇਹ ਕੋਰਾ ਝੂਠ ਹੀ ਪ੍ਰੋਸਦੇ ਰਹੇ ਕਿ ਉਨ੍ਹਾਂ ਦੇ ਸੰਗਠਨ ਦਾ ਰਾਜਨੀਤੀ ਨਾਲ ਕੋਈ ਸੰਬੰਧ ਨਹੀਂ ਹੈ! ਉਨ੍ਹਾਂ ਨੇ ਤਾਂ ਲਗਾਤਾਰ ਇਹ ਦੰਭੀ ਦਾਅਵੇ ਵੀ ਕੀਤੇ ਕਿ ਆਰ.ਐੱਸ.ਐੱਸ. ਤਾਂ ਸਿਰਫ ਇਕ ਸੱਭਿਆਚਾਰਕ ਸੰਸਥਾ ਹੈ, ਜੋ ਲੋਕਾਂ ਅੰਦਰ ਦੇਸ਼ ਭਗਤੀ ਤੇ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨ ਲਈ ਯਤਨਸ਼ੀਲ ਹੈ। ਹਾਲਾਂਕਿ ਸੰਘ ਨੇ ਅਨੇਕਾਂ ਮੌਕਿਆਂ 'ਤੇ ਰਾਜਨੀਤਕ ਫੈਸਲੇ ਲੈਂਦਿਆਂ ਆਪਣੇ ਮੈਂਬਰਾਂ ਤੇ ਪੈਰੋਕਾਰਾਂ ਨੂੰ ਕਿਸੇ ਨਾ ਕਿਸੇ ਵਿਸ਼ੇਸ਼ ਰਾਜਸੀ ਪਾਰਟੀ ਜਿਵੇਂ ਜਨ ਸੰਘ, ਜਨਤਾ ਪਾਰਟੀ, ਭਾਜਪਾ ਆਦਿ, ਇੱਥੋਂ ਤੱਕ ਕਿ ਕਾਂਗਰਸ ਦੇ ਹੱਕ 'ਚ ਮਤਦਾਨ ਕਰਨ ਲਈ ਵੀ ਪੂਰੇ ਜ਼ੋਰ-ਸ਼ੋਰ ਨਾਲ ਪ੍ਰੇਰਤ ਕੀਤਾ ਹੈ। ਉਂਝ ਵੀ ਸੰਘ ਵੱਲੋਂ ਆਜ਼ਾਦੀ ਸੰਗਰਾਮ 'ਚ ਫੁੱਟ ਪਾ ਕੇ ਇਸ ਨੂੰ ਕਮਜ਼ੋਰ ਕਰਨ ਦੇ ਯਤਨ ਕਰਨਾ ਅਤੇ ਮੁਸਲਮਾਨਾਂ ਤੇ ਕਮਿਊਨਿਸਟਾਂ ਨੂੰ ਆਪਣੇ ਦੁਸ਼ਮਣ ਐਲਾਨਣਾ 'ਰਾਜਨੀਤੀ' ਨਹੀਂ ਤਾਂ ਹੋਰ ਕੀ ਹੈ? ਇਸ ਤੋਂ ਵੀ ਅਗਾਂਹ ਸੰਘ ਅਤੇ ਸੰਘ ਪਰਵਾਰ ਨਾਲ ਜੁੜੇ ਵੱਖੋ-ਵੱਖ ਨਾਵਾਂ ਵਾਲੇ ਬਜਰੰਗ ਦਲ, 'ਗਊ ਰੱਖਿਆ ਸਮਿਤੀ', 'ਭਾਰਤੀ ਮਜ਼ਦੂਰ ਸੰਘ', 'ਵਿਸ਼ਵ ਹਿੰਦੂ ਪ੍ਰੀਸ਼ਦ', 'ਰਾਸ਼ਟਰੀ ਸਿੱਖ ਸੰਗਤ', ਦੁਰਗਾ ਵਾਹਿਨੀ ਆਦਿ ਸੰਗਠਨ ਵੱਖੋ-ਵੱਖ ਪਰਦਿਆਂ ਹੇਠਾਂ ਸਮਾਜ ਦੇ ਵੱਖੋ-ਵੱਖ ਹਿੱਸਿਆਂ 'ਚ ਸੰਘ ਦੀ ਫਿਰਕੂ-ਫਾਸ਼ੀ (ਹਿੰਦੂਤਵੀ) ਵਿਚਾਰਧਾਰਾ ਦਾ ਪ੍ਰਚਾਰ-ਪ੍ਰਸਾਰ ਕਰਦੇ ਹੋਏ ਪੂਰੀ ਤਰ੍ਹਾਂ ਗੈਰ ਲੋਕਰਾਜੀ ਤੇ ਧੱਕੜਸ਼ਾਹੀ ਵਾਲਾ ਸਮਾਜਿਕ ਢਾਂਚਾ, ਯਾਨੀ ਮਨੂੰ ਸਿਮਰਤੀ ਦੇ ਚੌਖਟੇ ਵਾਲੇ ਧਰਮ ਅਧਾਰਤ ਕੱਟੜ 'ਹਿੰਦੂ ਰਾਸ਼ਟਰ' ਦੀ ਕਾਇਮੀ ਲਈ ਰਾਜਨੀਤਕ ਜ਼ਮੀਨ ਤਿਆਰ ਕਰਨ ਲਈ ਪੱਬਾਂ ਭਾਰ ਰਹਿੰਦੇ ਹਨ। ਜੇ ਇਹ ਰਾਜਨੀਤੀ ਨਹੀਂ ਤਾਂ ਹੋਰ ਕੀ ਹੈ? ਸੰਘ, ਧਰਮ ਆਧਾਰਤ ਰਾਜ (ਥੀਓਕਰੈਟਿਕ ਸਟੇਟ) ਕਾਇਮ ਕਰਨ ਦਾ ਆਪਣਾ ਅਸਲ ਮਕਸਦ ਤੇ ਫਿਰਕੂ-ਫਾਸ਼ੀ, ਖੂੰਖਾਰ ਚਿਹਰਾ-ਮੋਹਰਾ ਲੁਕਾਉਣ ਅਤੇ ਵੱਧ ਤੋਂ ਵੱਧ ਸਧਾਰਨ ਤੇ ਅਣਜਾਣ ਲੋਕਾਂ ਨੂੰ ਆਪਣੀ ਫਿਰਕੂ ਵਿਚਾਰਧਾਰਾ ਦੇ ਮੱਕੜ ਜਾਲ 'ਚ ਉਲਝਾਉਣ ਲਈ ਕਿਸੇ ਵੀ ਬਹਾਨੇ ਲੋਕਾਂ ਸਾਹਮਣੇ ਕਦੇ ਵੀ, ਕੋਈ ਵੀ ਝੂਠਾ ਬਿਰਤਾਂਤ ਸਿਰਜ ਲੈਂਦਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸੇ ਰਣਨੀਤੀ ਤਹਿਤ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਵੱਖੋ-ਵੱਖ ਪ੍ਰਾਂਤਾਂ ਤੇ ਖਿੱਤਿਆਂ ਦੇ ਵੋਟਰਾਂ ਨੂੰ ਭਰਮਾਉਣ ਲਈ ਅੱਡੋ-ਅੱਡ ਮੁੱਦੇ ਉਛਾਲੇ ਹਨ। ਸੱਤ ਦੌਰਾਂ 'ਚ ਚੋਣਾਂ ਕਰਵਾਉਣਾ ਵੀ ਇਸੇ ਗਿਣੀ-ਮਿੱਥੀ ਯੋਜਨਾ ਦਾ ਹਿੱਸਾ ਸੀ ਤਾਂ ਜੋ ਵੱਖੋ-ਵੱਖ ਇਲਾਕਿਆਂ, ਧਰਮਾਂ, ਜਾਤੀਆਂ ਤੇ ਸਮਾਜਿਕ ਗਰੁੱਪਾਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਤ ਕਰਨ ਲਈ ਮੇਚਵਾਂ ਬਿਰਤਾਂਤ ਸਿਰਜ ਕੇ ਵੋਟਾਂ ਬਟੋਰਨ ਲਈ ਲੋੜ ਅਨੁਸਾਰ ਰਾਜਸੀ ਧੋਖਾਧੜੀ ਤੇ ਕੂੜ ਪ੍ਰਚਾਰ ਦੀਆਂ ਅਨੇਕਾਂ ਵੰਨਗੀਆਂ ਲੋਕਾਂ ਸਾਹਮਣੇ ਪ੍ਰੋਸੀਆਂ ਜਾ ਸਕਣ। ਦੱਖਣੀ ਪ੍ਰਾਂਤਾਂ ਅੰਦਰ ਰਾਮ ਮੰਦਰ ਦਾ ਮੁੱਦਾ ਘੱਟ ਉਛਾਲਿਆ ਗਿਆ, ਜਦਕਿ ਉੱਤਰੀ ਤੇ ਮੱਧ ਭਾਰਤ (ਗਊ ਪੱਟੀ) ਅੰਦਰ ਇਹ ਮੁੱਦਾ ਵਧ-ਚੜ੍ਹ ਕੇ ਉਛਾਲਿਆ ਗਿਆ ਹੈ। ਕੇਰਲਾ 'ਚ ਕਮਿਊਨਿਸਟ ਵਿਚਾਰਧਾਰਾ ਬਾਰੇ ਤੇ ਤਾਮਿਲਨਾਡੂ 'ਚ ਦ੍ਰਾਵੜ ਰਾਜਨੀਤਕ ਪਾਰਟੀਆਂ ਦੇ ਵੱਖਰੇ, ਪ੍ਰੰਤੂ ਸ਼ਾਨਦਾਰ ਸੱਭਿਆਚਾਰ ਤੇ ਕੰਮ-ਢੰਗ ਖਿਲਾਫ਼ ਤਾਬੜਤੋੜ ਹਮਲੇ ਕੀਤੇ ਗਏ। ਪੱਛਮੀ ਬੰਗਾਲ ਅੰਦਰ ਹਿੰਦੂ ਵੋਟਰਾਂ ਨੂੰ ਭਰਮਾਉਣ ਹਿੱਤ, ਸਮਾਜ ਦਾ ਫਿਰਕੂ ਲੀਹਾਂ 'ਤੇ ਧਰੁਵੀਕਰਨ ਕਰਨ ਲਈ ਮੁਸਲਮਾਨਾਂ ਨੂੰ ਘੁਸਪੈਠੀਏ ਤੇ ਰਾਮ ਵਿਰੋਧੀ ਕਹਿ ਕੇ ਭੰਡਿਆ ਗਿਆ। ਯੂ.ਪੀ., ਮੱਧ ਪ੍ਰਦੇਸ਼, ਰਾਜਸਥਾਨ, ਬਿਹਾਰ ਆਦਿ ਪ੍ਰਾਂਤਾਂ ਅੰਦਰ ਫਿਰਕੂ ਕਤਾਰਬੰਦੀ ਰਾਹੀਂ ਹਿੰਦੂ ਵੋਟਾਂ ਲੈਣ ਲਈ ਰਾਮ ਮੰਦਰ ਦੀ ਉਸਾਰੀ ਦਾ ਲਾਹਾ ਲੈਣ ਦੀ ਕੁਲਹਿਣੀ ਮਨਸ਼ਾ ਤਹਿਤ ਵਿਰੋਧੀ ਧਿਰ ਨੂੰ ਰਾਮ ਵਿਰੋਧੀ ਦੱਸ ਕੇ ਅਤਿ ਨੀਵੀਂ ਪੱਧਰ ਦਾ ਕੂੜ ਹੱਲਾ ਵਿੱਢਿਆ ਗਿਆ। 'ਇੰਡੀਆ' ਗਠਜੋੜ ਦੇ ਜਿੱਤਣ ਦੀ ਸੂਰਤ ਵਿਚ ਹਿੰਦੂ ਔਰਤਾਂ ਦੇ ਮੰਗਲ ਸੂਤਰ ਜਾਂ ਦੋ 'ਚੋਂ ਇਕ ਘਰ ਤੇ ਦੋ ਮੱਝਾਂ 'ਚੋਂ ਇਕ ਮੱਝ ਹਿੰਦੂਆਂ ਤੋਂ ਖੋਹ ਕੇ ਮੁਸਲਮਾਨਾਂ ਨੂੰ ਦੇ ਦਿੱਤੇ ਜਾਣਗੇ ਵਰਗਾ ਪ੍ਰਧਾਨ ਮੰਤਰੀ ਮੋਦੀ ਜੀ ਦਾ ਹੜਬੜਾਹਟ ਭਰਿਆ ਭਾਸ਼ਣ ਸੁਣ ਕੇ ਉਨ੍ਹਾਂ ਦੀ ਨਕੱਦੀ ਵਿਵੇਕ-ਬੁੱਧੀ ਤੇ ਅਸਲੋਂ ਹੌਲੇ ਰਾਜਸੀ ਕਿਰਦਾਰ ਬਾਰੇ ਕੇਵਲ ਤਰਸ ਹੀ ਕੀਤਾ ਜਾ ਸਕਦਾ ਹੈ!

ਅਸੀਂ ਆਗਾਹ ਕਰਨਾ ਚਾਹੁੰਦੇ ਕਿ ਤੀਸਰੀ ਵਾਰ ਸੱਤਾ ਹਾਸਲ ਕਰਨ ਲਈ ਲੋਕਾਂ ਨੂੰ ਧੋਖਾ ਦੇਣ ਵਾਸਤੇ ਫਿਰਕੂ ਏਜੰਡਾ ਲਾਗੂ ਕਰਨ ਵਾਲੇ ਸੰਘ-ਭਾਜਪਾ, ਵੋਟਾਂ ਹਾਸਲ ਕਰਨ ਲਈ ਕੁੱਝ ਸਮੇਂ ਵਾਸਤੇ ਆਪਣੇ ਅਸਲ ਮੁੱਦੇ ਤੋਂ ਪੂਰੀ ਤਰ੍ਹਾਂ ਪਾਸਾ ਵੀ ਵੱਟ ਸਕਦੇ ਹਨ। ਇੱਥੋਂ ਤੱਕ ਕਿ ਉਹ ਮੁਸਲਮਾਨਾਂ, ਇਸਾਈਆਂ, ਸਿੱਖਾਂ ਸਮੇਤ ਸਾਰੇ ਧਰਮਾਂ ਤੇ ਜਾਤੀਆਂ ਦੇ ਲੋਕਾਂ ਅਤੇ ਔਰਤਾਂ ਨੂੰ ਹਰ ਖੇਤਰ 'ਚ ਪੂਰਾ ਮਾਣ-ਸਨਮਾਨ ਤੇ ਵਿਕਾਸ ਦੇ ਬਰਾਬਰ ਮੌਕੇ ਪ੍ਰਦਾਨ ਕਰਨ ਦਾ ਕੋਰਾ ਝੂਠ ਵੀ ਬੋਲ ਸਕਦੇ ਹਨ। ਜਰਮਨੀ ਦੇ ਫਾਸਿਸਟ ਤਾਨਾਸ਼ਾਹ ਅਡੋਲਫ਼ ਹਿਟਲਰ ਵਾਂਗੂੰ ਉਹ ਭਾਰਤ ਅੰਦਰ ਪੂੰਜੀਵਾਦ ਦਾ ਖਾਤਮਾ ਕਰਕੇ ਅਜਿਹੇ ਸਮਾਜਵਾਦੀ ਪ੍ਰਬੰਧ ਸਥਾਪਤ ਕਰਨ ਦੀ 'ਗਰੰਟੀ' ਵੀ ਦੇ ਸਕਦੇ ਹਨ, ਜਿਹੜਾ ਹਕੀਕੀ ਤੇ ਵਿਗਿਆਨਕ ਸਮਾਜਵਾਦ ਤੋਂ ਭਿੰਨ 'ਹਿੰਦੂਤਵੀ' ਮਰਿਆਦਾਵਾਂ ਦੇ ਅਨੁਕੂਲ ਹੋਵੇ। ਉਹ ਤਾਂ ਬਲਕਿ ਅਮੀਰਾਂ ਵਿਰੁੱਧ ਤਿੱਖੇ ਤੇ ਕੌੜੇ 'ਸ਼ਬਦ' ਬੋਲ ਕੇ ਗਰੀਬਾਂ ਦੇ ਹਿੱਤਾਂ ਦੀ ਰਾਖੀ ਲਈ ਮਰ-ਮਿਟਣ ਦਾ ਫਰੇਬੀ ਦਾਅਵਾ ਤੱਕ ਵੀ ਕਰ ਸਕਦੇ ਹਨ। ਚੋਣਾਂ ਦੌਰਾਨ ਮੋਦੀ ਸਮੇਤ ਸੰਘ-ਭਾਜਪਾ ਦਾ ਹਰ ਵੱਡਾ-ਛੋਟਾ ਨੇਤਾ ਮੁਸਲਮਾਨਾਂ ਤੇ ਇਸਾਈਆਂ ਨਾਲ ਸੰਬੰਧਤ ਉਨ੍ਹਾਂ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਵੀ ਗਏ, ਜਿਨ੍ਹਾਂ ਵਿਰੁੱਧ ਹਰ ਕਿਸਮ ਦਾ ਕੁਸੱਤ ਤੇ ਅਭੱਦਰ ਭਾਸ਼ਾ ਬੋਲਣ ਦੇ ਉਹ ਬੀਤੇ ਸਮੇਂ 'ਚ ਨਵੇਂ ਕੀਰਤੀਮਾਨ ਸਥਾਪਤ ਕਰ ਚੁੱਕੇ ਹਨ।

ਜਿਨ੍ਹਾਂ ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਔਰਤਾਂ ਤੇ ਦਲਿਤਾਂ ਨੂੰ ਮੋਦੀ ਸਰਕਾਰ ਦੀਆਂ ਨਵ-ਉਦਾਰਵਾਦੀ ਆਰਥਿਕ ਨੀਤੀਆਂ ਨੇ ਮਹਿੰਗਾਈ, ਬੇਰੁਜ਼ਗਾਰੀ ਤੇ ਗਰੀਬੀ ਵਰਗੀਆਂ ਅਲਾਮਤਾਂ ਤੇ ਜਾਨਲੇਵਾ ਮਹਾਂਮਾਰੀਆਂ ਵੱਲ ਧੱਕਿਆ ਹੈ, ਤੀਸਰੀ ਵਾਰ ਸੱਤਾ 'ਤੇ ਕਾਬਜ਼ ਹੋਣ ਲਈ ਸ਼ਾਇਦ ਉਹ ਇਨ੍ਹਾਂ ਨੂੰ ਉਲੱਦਣ ਦੇ ਨੀਤੀਗਤ ਐਲਾਨ ਵੀ ਕਰ ਦੇਣ! ਮਸਲਨ, ਚੋਣਾਂ ਦੀ 'ਵੈਤਰਣੀ ਪਾਰ ਕਰਨ' ਲਈ, ਇਨ੍ਹਾਂ ਵੱਲੋਂ ਪੁਰਾਣੀ ਪੈਨਸ਼ਨ ਦੀ ਬਹਾਲ ਕਰਨ, ਪੱਕੀ ਨੌਕਰੀ ਦੇ ਕੇ ਬੇਰੁਜ਼ਗਾਰੀ ਖਤਮ ਕਰਨ, ਮਹਿੰਗਾਈ ਰੋਕਣ ਲਈ ਜਮ੍ਹਾਂਖੋਰਾਂ ਤੇ ਬਲੈਕ ਮਾਰਕੀਟੀਆਂ ਵਿਰੁੱਧ ਸਖਤ ਕਾਨੂੰਨ ਬਣਾਉਣ ਆਦਿ ਵਰਗੇ ਝੂਠੇ ਵਾਅਦੇ ਤੇ ਐਲਾਨ ਕਰ ਦੇਣ ਦੀ ਸੰਭਾਵਨਾ ਨੂੰ ਵੀ ਪੂਰੀ ਤਰ੍ਹਾਂ ਨਾਲ ਰੱਦ ਨਹੀਂ ਕੀਤਾ ਜਾ ਸ

13-MAY-PAGE-5.qxd 5/12/2024 10:27 PM Page 1

ਮਾਮਲਾ ਨੌਜਵਾਨਾਂ ਵੱਲੋਂ ਬੱਸ ਡਰਾਈਵਰ ਦੀ ਕੁੱਟਮਾਰ ਕੀਤੇ ਜਾਣ ਦਾ

ਡਰਾਈਵਰਾਂ ਤੇ ਕੰਡਕਟਰਾਂ ਵੱਲੋਂ ਪਾਤੜਾਂ-ਜਾਖਲ ਸੜਕ 'ਤੇ ਜਾਮ

ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)

ਪਿੰਡ ਖਾਨੇਵਾਲ ਕੋਲ ਹਰਿਆਣਾ ਰੋਡਵੇਜ਼ ਦੇ ਬੱਸ ਦੇ ਡਰਾਈਵਰ ਤੇ ਕਡੰਕਟਰ ਦੀ ਮੋਟਰਸਾਇਕਲ ਸਵਾਰ ਨੌਜਵਾਨ ਵੱਲੋਂ ਆਪਣੇ ਸਾਥੀਆਂ ਨਾਲ ਮਿਲ ਕੇ ਕੀਤੀ ਗਈ ਕੁੱਟਮਾਰ ਦੇ ਰੋਸ ਵਜੋਂ ਹਰਿਆਣਾ ਤੇ ਪੰਜਾਬ ਦੇ ਬੱਸ ਡਰਾਈਵਰਾਂ ਨੇ ਬੱਸਾਂ ਨੂੰ ਸੜਕ ਦੇ ਵਿਚਕਾਰ ਲਾ ਕੇ ਪਾਤੜਾਂ ਜਾਖਲ ਸੜਕ ਤੇ ਆਵਾਜਾਈ ਠੱਪ ਕਰਕੇ ਜਾਮ ਲਾ ਦਿੱਤਾ। ਬੱਸ ਕੰਡਕਟਰ ਤੋਂ ਕੈਸ਼ ਵਾਲੇ ਬੈਗ ਸਮੇਤ ਹੋਰ ਸਮਾਨ ਖੋਹਣ ਦੇ ਦੋਸ਼ ਲਾ ਰਹੇ ਡਰਾਈਵਰਾਂ ਨੇ ਕੁੱਟਮਾਰ ਕਰਨ ਵਾਲਿਆਂ ਨੂੰ ਤਰੁੰਤ ਗ੍ਰਿਫ਼ਤਾਰ ਕੀਤੇ ਜਾਣ 'ਤੇ ਅੜੇ ਵਿਖਾਵਾਕਾਰੀਆਂ ਨੇ ਕਈ ਘੰਟਿਆਂ ਮਗਰੋਂ ਪੁਲਸ ਵੱਲੋਂ ਯਕੀਨ ਦਿਵਾਏ ਜਾਣ ਮਗਰੋਂ ਜਾਮ ਨੂੰ ਖੋਲ੍ਹਿਆ।

ਬੱਸ ਡਰਾਈਵਰਾਂ ਦੇ ਆਗੂ ਜੀਤ ਸਿੰਘ ਤੇ ਸਾਥੀਆਂ ਨੇ ਦੱਸਿਆ ਕਿ ਪਾਤੜਾਂ ਤੋਂ ਫ਼ਤਿਆਬਾਦ ਨੂੰ ਹਰਿਆਣਾ ਰੋਡਵੇਜ਼ ਦੀ ਬੱਸ ਚੱਲੀ ਸੀ, ਜਦੋਂ ਉਹ ਪਾਤੜਾਂ ਬਾਈਪਾਸ ਤੋਂ ਜਾਖਲ ਰੋਡ 'ਤੇ ਚੜ੍ਹੀ ਤਾਂ ਇੱਕ ਮੋਟਰਸਾਇਕਲ ਸਵਾਰ ਨੌਜਵਾਨ ਨੇ ਬੱਸ ਦੇ ਅੱਗੇ ਆਪਣਾ ਮੋਟਰਸਾਈਕਲ ਲਾ ਲਿਆ ਤੇ ਬੱਸ ਨੂੰ ਅੱਗੇ ਲੰਘਣ ਤੋਂ ਰੋਕਦਾ ਰਿਹਾ ਹੈ। ਨੌਜਵਾਨ ਨੇ ਆਪਣੇ ਹੋਰ ਸਾਥੀਆਂ ਨੂੰ ਫੋਨ ਕਰਕੇ ਬੁਲਾ ਲਿਆ ਤੇ ਪਿੰਡ ਖਾਨੇਵਾਲ ਦੇ ਬੱਸ ਅੱਡੇ 'ਤੇ ਆ ਕੇ ਇਸ ਨੇ ਮੋਟਰਸਾਈਕਲ ਬੱਸ ਦੇ ਅੱਗੇ ਲਾ ਦਿੱਤਾ, ਜਿਸ ਕਰਕੇ ਡਰਾਇਵਰ ਨੂੰ ਬੱਸ ਰੋਕਣ ਲਈ ਮਜਬੂਰ ਹੋਣਾ ਪਿਆ। ਇਸ ਦੌਰਾਨ ਹੀ ਇਸ ਨੌਜਵਾਨ ਨੇ ਆਪਣੇ ਹੋਰ ਸਾਥੀਆਂ ਸਮੇਤ ਬੱਸ ਡਰਾਈਵਰ ਅਮਿਤ ਕੁਮਾਰ ਦੀ ਕੁੱਟਮਾਰ ਕਰਨ ਸ਼ੁਰੂ ਕੀਤੀ ਤਾਂ ਉਸ ਨੂੰ ਬਚਾਉਣ ਲਈ ਆਏ ਬੱਸ ਕਡੰਕਟਰ ਸੁਨੀਲ ਕੁਮਾਰ ਦੀ ਵੀ ਇਨ੍ਹਾਂ ਨੇ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਉਸ ਦਾ ਕੈਸ਼ ਵਾਲਾ ਬੈਗ ਤੇ ਮੋਬਾਈਲ ਵੀ ਖੋਹ ਲਿਆ। ਜਦੋਂ ਲੋਕਾਂ ਨੇ ਮੋਬਾਈਲ ਤਾਂ ਇਨ੍ਹਾਂ ਤੋਂ ਖੋਹ ਕੇ ਵਾਪਸ ਕੰਡਕਟਰ ਨੂੰ ਦੇ ਦਿੱਤਾ, ਪਰ ਕੈਸ਼ ਵਾਲਾ ਬੈਗ ਨਹੀਂ ਮਿਲਿਆ। ਇਸਦੇ ਚੱਲਦੇ ਹੋਏ ਬਹਿਸਬਾਜ਼ੀ ਦੌਰਾਨ ਇੱਕ ਲੋਹੇ ਦਾ ਰਾੜ ਮਾਰ ਕੇ ਇਨ੍ਹਾਂ ਨੇ ਡਰਾਈਵਰ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਹੈ।

ਕਈ ਘੰਟੇ ਬੀਤ ਜਾਣ 'ਤੇ ਵੀ ਪੁਲਸ ਨੇ ਕੁੱਟਮਾਰ ਕਰਨ ਵਾਲਿਆਂ ਨੂੰ ਗ੍ਰਿਫ਼ਤਾਰ ਨਹੀ ਕੀਤਾ, ਜਿਸ ਦੇ ਰੋਸ ਵਜੋਂ ਪੰਜਾਬ ਤੇ ਹਰਿਆਣਾ ਦੀਆਂ ਸਰਕਾਰੀ ਬੱਸਾਂ ਦੇ ਡਰਾਈਵਰਾਂ ਨੂੰ ਟ੍ਰੈਫ਼ਿਕ ਜਾਮ ਕਰਨ ਲਈ ਮਜਬੂਰ ਹੋਣਾ ਪਿਆ ਹੈ। ਪੁਲਸ ਫੋਰਸ ਨਾਲ ਮੌਕੇ ਉੱਤੇ ਪੁੱਜੇ ਥਾਣਾ ਪਾਤੜਾਂ ਦੇ ਮੁਖੀ ਜਸਪ੍ਰੀਤ ਸਿੰਘ ਨੇ ਯਕੀਨ ਦਿਵਾਇਆ ਕਿ ਬਿਆਨ ਦਰਜ ਕਰਕੇ ਸਖਤ ਕਾਰਵਾਈ ਕਰਦਿਆਂ ਸਾਰੇ ਦੋਸ਼ੀਆਂ ਨੂੰ ਕਾਬੂ ਕਰ ਲਿਆ ਜਾਵੇਗਾ। ਇਸ ਮਗਰੋਂ ਪੁਲਸ ਨੂੰ ਇੱਕ ਦਿਨ ਦਾ ਸਮਾਂ ਦਿੰਦਿਆਂ ਡਰਾਈਵਰਾਂ ਨੇ ਜਾਮ ਖੋਲ੍ਹਿਆ।

ਕੁਲਬੀਰ ਸਿੰਘ ਕੰਗ ਬਣੇ ਹਰਦਾਸਾ ਤੋਂ ਬੀ ਕੇ ਯੂ ਤੋਤੇਵਾਲ ਦੇ ਇਕਾਈ ਪ੍ਰਧਾਨ

ਬੀਜੇਪੀ ਹਰਾਓ, ਕਾਰਪੋਰੇਟ ਭਜਾਓ, ਦੇਸ ਬਚਾਓ ਦੇ ਪਰਚੇ ਵੰਡ ਕੇ ਕਿਸਾਨਾਂ ਨੂੰ ਕੀਤਾ ਜਾਗਰੂਕ

ਜ਼ੀਰਾ (ਨਰਿੰਦਰ ਅਨੇਜਾ)

ਪਿੰਡ ਹਰਦਾਸਾ ਵਿਖੇ ਭਾਰਤੀ ਕਿਸਾਨ ਯੂਨੀਅਨ ਪੰਜਾਬ ਤੋਤੇਵਾਲ ਦੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਕੁਲਬੀਰ ਸਿੰਘ ਕੰਗ ਦੇ ਗ੍ਰਹਿ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਸੁੱਖ ਗਿੱਲ ਮੋਗਾ ਨੇ ਕਿਹਾ ਕਿ ਭਾਰਤੀ ਕਿਸਾਨ ਯੂਨੀਅਨ ਤੋਤੇਵਾਲ ਵੱਲੋਂ ਕੁਲਬੀਰ ਸਿੰਘ ਕੰਗ ਨੂੰ ਪਿੰਡ ਹਰਦਾਸਾ ਦਾ ਇਕਾਈ ਪ੍ਰਧਾਨ ਥਾਪਿਆ ਗਿਆ ਤੇ ਨਾਲ ਗੁਲਾਬ ਸਿੰਘ ਪੀਹਵਾਲੀ ਨੂੰ ਮੀਤ ਪ੍ਰਧਾਨ, ਰਾਜਿੰਦਰ ਸਿੰਘ ਹਰਦਾਸਾ ਨੂੰ ਸੀ. ਮੀਤ ਪ੍ਰਧਾਨ, ਗੁਰਪ੍ਰੀਤ ਸਿੰਘ ਮੱਲੂਵਾਲਾ ਨੂੰ ਜਨਰਲ ਸਕੱਤਰ, ਬਲਦੇਵ ਸਿੰਘ ਵਾੜਾ ਵਰਿਆਮ ਸਿੰਘ ਨੂੰ ਖ਼ਜ਼ਾਨਚੀ, ਗੁਰਵਿੰਦਰ ਸਿੰਘ ਹਰਦਾਸਾ ਨੂੰ ਪ੍ਰੈਸ ਸਕੱਤਰ, ਰਾਜਵਿੰਦਰ ਸਿੰਘ ਧੰਨਾਂ ਸ਼ਹੀਦ ਨੂੰ ਮੁੱਖ ਬੁਲਾਰਾ, ਗੁਰਮੇਲ ਸਿੰਘ ਪੀਹੇਵਾਲੀ ਨੂੰ ਸਹਾਇਕ ਖ਼ਜ਼ਾਨਚੀ, ਚਰਨਜੀਤ ਸਿੰਘ ਹਰਾਜ ਨੂੰ ਸਹਾਇਕ ਸਕੱਤਰ, ਜੋਗਿੰਦਰ ਸਿੰਘ ਪੀਹਵਾਲੀ ਨੂੰ ਸਹਾਇਕ ਜਨਰਲ ਸਕੱਤਰ, ਇੰਦਰਜੀਤ ਸਿੰਘ ਕੰਗ ਮੱਲੂਵਾਲਾ ਨੂੰ ਐਗਜ਼ੈਕਟਿਵ ਮੈਂਬਰ, ਲਖਵੀਰ ਸਿੰਘ ਕੱਸੋਆਣਾ ਨੂੰ ਸਹਾਇਕ ਖ਼ਜ਼ਾਨਚੀ ਥਾਪਿਆ ਗਿਆ। ਸੁੱਖ ਗਿੱਲ ਨੇ ਦੱਸਿਆ ਕਿ ਸਾਡੀ ਜਥੇਬੰਦੀ ਇਮਾਨਦਾਰੀ ਨਾਲ ਕੰਮ ਕਰਨ ਵਾਲੇ ਕਿਸਾਨਾਂ ਨੂੰ ਹੀ ਨਾਲ ਜੋੜਦੀ ਹੈ ਤੇ ਅੱਗੇ ਲੈ ਕੇ ਆਉਂਦੀ ਹੈ। ਸੁੱਖ ਗਿੱਲ ਮੋਗਾ ਨੇ ਬੀਜੇਪੀ ਹਰਾਓ, ਕਾਰਪੋਰੇਟ ਭਜਾਓ, ਦੇਸ ਬਚਾਓ ਦੇ ਪਰਚੇ ਵੰਡ ਕੇ ਕਿਸਾਨਾਂ ਨੂੰ ਜਾਗਰੂਕ ਕੀਤਾ।

ਉਨ੍ਹਾਂ ਨੇ ਜਥੇਬੰਦੀ ਵਿੱਚ ਆਉਣ 'ਤੇ ਸਾਰਿਆਂ ਨੂੰ ਜੀ ਆਇਆਂ ਆਖਿਆ ਤੇ ਕਿਸਾਨਾਂ ਨੇ ਸੂਬਾ ਪ੍ਰਧਾਨ ਸੁੱਖ ਗਿੱਲ ਮੋਗਾ ਦਾ ਫ਼ਿਰੋਜ਼ਪੁਰ ਜ਼ਿਲ੍ਹੇ ਵਿੱਚ ਆਉਣ 'ਤੇ ਧੰਨਵਾਦ ਕੀਤਾ।

ਨਰਮੇ ਦੀ ਫ਼ਸਲ ਦੀ ਸਫ਼ਲ ਕਾਸ਼ਤ ਸੰਬੰਧੀ ਗਠਿਤ ਟੀਮ ਖੇਤਾਂ 'ਚ ਪੁੱਜੀ

ਬਠਿੰਡਾ (ਬਖਤੌਰ ਢਿੱਲੋਂ)-ਡਾਇਰੈਕਟਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਮੁੱਖ ਖੇਤੀਬਾੜੀ ਅਫ਼ਸਰ ਡਾ. ਕਰਨਜੀਤ ਸਿੰਘ ਗਿੱਲ ਵੱਲੋਂ ਨਰਮੇ ਦੀ ਫ਼ਸਲ ਨੂੰ ਕਾਮਯਾਬ ਤੇ ਵੱਧ ਤੋਂ ਵੱਧ ਰਕਬੇ ਵਿੱਚ ਨਰਮੇ ਦੀ ਬਿਜਾਈ ਕਰਨ ਸਬੰਧੀ ਜ਼ਿਲ੍ਹੇ ਦੇ ਵੱਖ-ਵੱਖ ਪਿੰਡਾਂ ਵਿੱਚ ਦੌਰਾ ਕੀਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਕਟਾਰ ਸਿੰਘ ਵਾਲਾ, ਗੁਲਾਬਗੜ੍ਹ, ਕੋਟਸ਼ਮੀਰ, ਫੂਸਮੰਡੀ ਤੇ ਤੁੰਗਵਾਲੀ ਦੇ ਕਿਸਾਨਾਂ ਨਾਲ ਵਿਚਾਰ ਮਸ਼ਵਰਾ ਕੀਤਾ ਗਿਆ ਤੇ ਉਨ੍ਹਾਂ ਵੱਲੋਂ ਆਪਣੇ ਵਿਚਾਰ ਕਿਸਾਨਾਂ ਨਾਲ ਸਾਂਝੇ ਕੀਤੇ ਗਏ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਵੀ ਸੁਣੀਆਂ ਗਿਆ। ਡਾ. ਗਿੱਲ ਵੱਲੋ ਦੱਸਿਆ ਗਿਆ ਕਿ ਨਰਮੇ ਦੀ ਬਿਜਾਈ ਨੂੰ ਮੁੱਖ ਰੱਖਦੇ ਹੋਏ ਕਿਸਾਨਾਂ ਵਿੱਚ ਕਾਫੀ ਉਤਸ਼ਾਹ ਹੈ ਤੇ ਕਿਸਾਨਾਂ ਵੱਲੋਂ ਖੇਤੀਬਾੜੀ ਵਿਭਾਗ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ ਅਨੁਸਾਰ ਨਰਮੇ ਦੀ ਫ਼ਸਲ ਨੂੰ ਗੁਲਾਬੀ ਸੁੰਡੀ ਦੇ ਹਮਲੇ ਤੋਂ ਬਚਾਉਣ ਲਈ ਛਟੀਆਂ ਦੇ ਸ਼ੋਰ ਵੀ ਝਾੜ ਕੇ ਰੱਖੇ ਗਏ ਹਨ ਤੇ ਉਨ੍ਹਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਾਈ ਗਈ ਹੈ ਤਾਂ ਜੁ ਨਰਮੇ ਦੀ ਫ਼ਸਲ ਨੂੰ ਕਾਮਯਾਬ ਕੀਤਾ ਜਾਵੇ। ਇਸ ਦੌਰਾਨ ਡਾਕਟਰ ਕਰਨਜੀਤ ਸਿੰਘ ਗਿੱਲ ਵੱਲੋਂ ਦੱਸਿਆ ਗਿਆ ਕਿ ਸਮੂਹ ਫੀਲਡ ਸਟਾਫ ਦੀਆਂ ਨਰਮੇ ਦੀ ਬਿਜਾਈ ਮੁਕੰਮਲ ਹੋਣ ਤੱਕ ਛੁੱਟੀਆਂ (ਸ਼ਨੀਵਾਰ ਤੇ ਐਤਵਾਰ) ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਸਮੂਹ ਅਧਿਕਾਰੀਆਂ/ਕੁਮਚਾਰੀਆਂ ਨੂੰ ਫੀਲਡ ਵਿੱਚ ਰਹਿਣ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ ਤਾਂ ਜੁ ਕਿਸਾਨਾਂ ਨਾਲ ਵੱਧ ਤੋਂ ਵੱਧ ਤਾਲਮੇਲ ਕਰਕੇ ਵੱਧ ਤੋਂ ਵੱਧ ਰਕਬੇ ਵਿੱਚ ਨਰਮੇ ਦੀ ਬਿਜਾਈ ਕਰਾਈ ਜਾਵੇ।

ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ 'ਚ ਮਾਂ ਦਿਵਸ ਮਨਾਇਆ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਮਾਂ ਦਿਵਸ ਬੜੀ ਧੂਮਧਾਮ ਨਾਲ ਮਨਾਇਆ ਗਿਆ। ਮਾਂ ਦਿਵਸ ਨੂੰ ਸਮਰਪਤ ਕਰਵਾਈ ਵਿਸ਼ੇਸ਼ ਪ੍ਰਾਰਥਨਾ ਸਭਾ ਉਪਰੰਤ ਵਿਦਿਆਰਥੀਆਂ ਨੇ ਡਾਂਸ, ਗੀਤ ਗਾਇਨ ਤੇ ਕਵਿਤਾ ਆਦਿ ਗਤੀਵਿਧੀਆਂ ਦੀ ਸ਼ਾਨਦਾਰ ਪੇਸ਼ਕਾਰੀ ਕਰਕੇ ਸਾਰਿਆਂ ਦਾ ਮਨ ਮੋਹ ਲਿਆ। ਪ੍ਰੋਗਰਾਮ ਦੌਰਾਨ ਬੱਚਿਆਂ ਨੇ ਆਪਣੇ ਵਿਲੱਖਣ ਅੰਦਾਜ਼ 'ਚ ਮਾਂਵਾਂ ਪ੍ਰਤੀ ਪਿਆਰ ਦਾ ਪ੍ਰਗਟਾਵਾ ਕੀਤਾ। ਬੱਚਿਆਂ ਨੇ ਮਾਂ ਦਿਵਸ ਨੂੰ ਖਾਸ ਬਣਾਉਣ ਲਈ ਗ੍ਰੀਟਿੰਗ ਕਾਰਡ ਬਣਾਏ। ਮਾਂ ਨੂੰ ਪ੍ਰਮਾਤਮਾ ਦਾ ਦਰਜਾ ਦਿੰਦਿਆਂ ਬੱਚਿਆਂ ਦੁਆਰਾ ਪੇਸ਼ ਕੋਰੀਓਗ੍ਰਾਫੀ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਭਾਵੁਕ ਕਰ ਦਿੱਤਾ। ਇਸ ਮੌਕੇ ਮਾਂਵਾਂ ਪ੍ਰਤੀ ਭਾਵਨਾਵਾਂ ਨੂੰ ਪ੍ਰਗਟ ਕਰਦੇ ਚੌਥੀ ਤੇ ਪੰਜਵੀਂ ਜਮਾਤ ਦੇ ਬੱਚਿਆਂ ਵਿੱਚ ਕਵਿਤਾ ਗਾਇਨ, ਛੇਵੀਂ, ਸੱਤਵੀਂ ਤੇ ਅੱਠਵੀਂ ਜਮਾਤ ਦੇ ਲੇਖ ਲਿਖਣ ਅਤੇ ਨੌਵੀਂ ਤੇ ਦਸਵੀਂ ਜਮਾਤ ਦੇ ਬੱਚਿਆਂ ਵਿੱਚ ਭਾਸ਼ਣ ਮੁਕਾਬਲੇ ਕਰਾਏ ਗਏ। ਸਕੂਲ ਦੇ ਐਮ. ਡੀ. ਪ੍ਰੋ. ਐਮ. ਐਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਆਪਣੇ ਸੁਨੇਹੇ ਵਿੱਚ ਕਿਹਾ ਕਿ ਮਾਪਿਆਂ ਦਾ ਪਿਆਰ ਤੇ ਮਮਤਾ ਕਿਸੇ ਵੀ ਮਨੁੱਖ ਦੀ ਸ਼ਖ਼ਸੀਅਤ ਨੂੰ ਘੜਨ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।

ਫੌਜੀ ਅੰਗਰੇਜ਼ ਸਿੰਘ ਨੇ ਕੱਢਿਆ ਰੋਡ ਸ਼ੋਅ

ਗੁਰੂਹਰਸਹਾਏ (ਮਨਦੀਪ ਸਿੰਘ ਸੋਢੀ)-ਫ਼ਿਰੋਜ਼ਪੁਰ ਲੋਕ ਸਭਾ ਸੀਟ ਤੋਂ ਆਜ਼ਾਦ ਉਮੀਦਵਾਰ ਦੇ ਤੌਰ 'ਤੇ ਚੋਣ ਲੜ ਰਹੇ ਫੌਜੀ ਅੰਗਰੇਜ਼ ਸਿੰਘ ਨੇ ਹਲਕਾ ਗੁਰੂਹਰਸਹਾਏ ਦੇ ਵੱਖ-ਵੱਖ ਬਜ਼ਾਰਾਂ ਦੇ ਵਿੱਚ ਰੋਡ ਸ਼ੋਅ ਕੱਢਿਆ।ਉਨ੍ਹਾਂ ਪਿੰਡ ਗੋਲੂਕਾ ਮੋੜ ਤੋਂ ਰੋਡ ਸ਼ੋਅ ਸ਼ੁਰੂ ਕੀਤਾ ਤੇ ਮੋਹਨ ਕੇ ਹਿਠਾੜ ਤੇ ਉਸ ਤੋਂ ਬਾਅਦ ਗੁਰੂਹਰਸਹਾਏ ਪੁੱਜਿਆ ਤੇ ਉਨ੍ਹਾਂ ਦਾ ਵੱਖ-ਵੱਖ ਥਾਂਵਾਂ 'ਤੇ ਫੁੱਲਾਂ ਦੇ ਹਾਰਾਂ ਨਾਲ ਸਵਾਗਤ ਕੀਤਾ ਗਿਆ।ਫੌਜੀ ਅੰਗਰੇਜ਼ ਸਿੰਘ ਨੇ ਸੰਬੋਧਨ ਕਰਦਿਆਂ ਹੋਇਆ ਕਿਹਾ ਕਿ 75 ਸਾਲਾਂ ਦੇ ਵਿੱਚ ਰਾਣਾ ਗੁਰਮੀਤ ਸਿੰਘ ਸੋਢੀ, ਨਰਦੇਵ ਸਿੰਘ ਨੋਨੀ ਮਾਨ ਤੇ ਸ਼ੇਰ ਸਿੰਘ ਘੁਬਾਇਆ ਪਰਵਾਰਾਂ ਨੇ ਲੋਕਾਂ ਨੂੰ ਲੁੱਟਿਆ ਤੇ ਕੁੱਟਿਆ ਹੈ ਤੇ ਲੋਕ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋਏ ਹਨ, ਜਦ ਕਿ ਬਾਰਡਰ ਪੱਟੀ ਤੇ ਸੜਕਾਂ ਦਾ ਮੰਦਾ ਹਾਲ ਹੈ ਤੇ ਸ਼ਹਿਰ ਦੀ ਗੱਲ ਕਰਦੇ ਤਾਂ ਬਸਤੀ ਵਿੱਚ ਸੀਵਰੇਜ ਸਿਸਟਮ ਠੱਪ ਪਿਆ ਹੈ। ਗੋਡੇ ਗੋਡੇ ਪਾਣੀ ਲੋਕਾਂ ਦੇ ਘਰਾਂ ਵਿੱਚ ਹੈ।ਅੰਗਰੇਜ਼ ਸਿੰਘ ਨੇ ਕਿਹਾ ਕਿ ਲੋਕਾਂ ਨੇ ਆਪ ਦੀ ਸਰਕਾਰ ਲਿਆ ਕੇ ਵੀ ਬਦਲਾਵ ਲਿਆਂਦਾ ਸੀ, ਪਰ ਇਹ ਵੀ ਸਰਕਾਰ ਲੋਕਾਂ ਦੀਆਂ ਉਮੀਦਾਂ ਤੇ ਖਰੀ ਨਹੀਂ ਉਤਰੀ, ਜਿਸ ਕਰਕੇ ਲੋਕ ਇਸ ਸਰਕਾਰ ਤੋਂ ਵੀ ਹੁਣ ਕਿਨਾਰਾ ਕਰ ਰਹੇ ਹਨ।ਉਹਨਾਂ ਨੇ ਕਿਹਾ ਕਿ ਉਹ ਅਜ਼ਾਦ ਤੌਰ 'ਤੇ ਚੋਣ ਲੜ ਰਹੇ ਹਨ ਤੇ ਉਹਨਾਂ ਨੂੰ ਲੋਕਾਂ ਦੇ ਵੱਡੇ ਸਹਿਯੋਗ ਦੀ ਲੋੜ ਹੈ।

ਕੇਜਰੀਵਾਲ ਦੀ ਜ਼ਮਾਨਤ ਦੀ ਖੁਸ਼ੀ 'ਚ ਲੱਡੂ ਵੰਡੇ

ਜਗਰਾਉਂ (ਸੰਜੀਵ ਅਰੋੜਾ)-ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਅਤੇ ਪ੍ਰੋਫ਼ੈਸਰ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਵਲੰਟੀਅਰਾਂ ਵੱਲੋਂ ਜਗਰਾਉਂ ਦੇ ਰਾਣੀ ਝਾਂਸੀ ਚੌਕ ਵਿੱਚ ਇਕੱਠੇ ਹੋ ਕੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸੁਪਰੀਮ ਕੋਰਟ ਵੱਲੋਂ ਦਿੱਤੀ ਗਈ ਜ਼ਮਾਨਤ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਆਖਿਆ ਕਿ ਦੇਸ਼ ਦੀ ਰਾਜਨੀਤੀ ਬਦਲਣ ਵਾਲੇ ਤੇ ਆਮ ਲੋਕਾਂ ਲਈ ਮਸੀਹਾ ਬਣਕੇ ਉਭਰੇ ਦਿੱਲੀ ਦੇ ਮੁੱਖ ਮੰਤਰੀ ਅਤੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਵੱਲੋਂ ਚਲਾਈ ਲਹਿਰ ਨੂੰ ਰੋਕਣ ਲਈ ਦੇਸ਼ ਤੇ ਰਾਜ ਕਰ ਰਹੀ ਭਾਰਤੀ ਜਨਤੀ ਪਾਰਟੀ ਕੋਝੇ ਹਥਕੰਡੇ ਅਪਣਾ ਕੇ ਰੋਕਣਾ ਚਾਹੁੰਦੀ ਹੈ ਤੇ ਅਰਵਿੰਦਰ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਨੂੰ ਜੇਲ੍ਹਾਂ ਵਿੱਚ ਡੱਕਣਾ ਚਾਹੁੰਦੀ ਹੈ, ਪ੍ਰੰਤੂ ਬਾਬਾ ਸਾਹਿਬ ਵੱਲੋਂ ਬਣਾਏ ਗਏ ਭਾਰਤੀ ਸੰਵਿਧਾਨ ਦੁਆਰਾ ਮਾਨਯੋਗ ਸੁਪਰੀਮ ਕੋਰਟ ਨੇ ਅੱਜ ਇੱਕ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਸਾਡੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਵੋਟਾਂ ਵਾਲੇ ਦਿਨ ਤੱਕ ਜ਼ਮਾਨਤ ਦੇ ਦਿੱਤੀ ਹੈ। ਇਹ ਭਾਰਤੀ ਜਨਤੀ ਪਾਰਟੀ ਦੀ ਹਾਰ ਦਾ ਪ੍ਰਤੱਖ ਸੰਦੇਸ਼ ਹੈ ਅਤੇ ਹੁਣ ਦੇਸ਼ ਦੇ ਲੋਕ ਜਾਣ ਚੁੱਕੇ ਹਨ ਕਿ ਭਾਰਤੀ ਜਨਤਾ ਪਾਰਟੀ ਅਰਵਿੰਦ ਕੇਜਰੀਵਾਲ ਨੂੰ ਪ੍ਰਧਾਨ ਮੰਤਰੀ ਦੀ ਕੁਰਸੀ ਤੱਕ ਪਹੁੰਚਣ ਤੋਂ ਰੋਕਣਾ ਚਾਹੁੰਦੀ ਹੈ ਅਤੇ ਦੇਸ ਦੇ ਲੋਕ ਉਹਨਾਂ ਨੂੰ ਪ੍ਰਧਾਨ ਮੰਤਰੀ ਬਨਾਉਣਾ ਚਾਹੁੰਦੇ ਹਨ।

ਕਾਤਰਾਂ

ਬਾਬਾ ਹਰਨਾਮ ਸਿੰਘ ਦੀ ਯਾਦ ਨੂੰ ਸਮਰਪਤ ਬਰਸੀ ਸਮਾਗਮ ਭਲਕੇ

ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਨਾਨਕਸਰ ਸੰਪਰਦਾਇ ਦੇ 13ਵੇਂ ਠਾਠ ਨਾਨਕਸਰ ਮਹਿਲ ਕਲਾਂ (ਬਰਨਾਲਾ) ਵਿਖੇ ਸੱਚਖੰਡ ਵਾਸੀ ਸੰਤ ਬਾਬਾ ਹਰਨਾਮ ਸਿੰਘ, ਬਾਬਾ ਜੰਗ ਸਿੰਘ, ਬਾਬਾ ਬਿੱਕਰ ਸਿੰਘ ਅਤੇ ਹਜ਼ੂਰੀ ਰਾਗੀ ਹਰੀ ਸਿੰਘ ਦੀ ਯਾਦ ਨੂੰ ਸਮਰਪਤ ਬਰਸੀ ਸਮਾਗਮ 14 ਮਈ ਨੂੰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਾਇਆ ਜਾ ਰਿਹਾ ਹੈ। ਮੁੱਖ ਸੇਵਾਦਾਰ ਸੰਤ ਬਾਬਾ ਕੇਹਰ ਸਿੰਘ, ਬਾਬਾ ਗੁਰਪ੍ਰੀਤ ਸਿੰਘ ਮਹੰਤ ਤੇ ਬਾਬਾ ਗੁਰਦੀਪ ਸਿੰਘ ਨੇ ਸਾਂਝੇ ਤੌਰ 'ਤੇ ਦੱਸਿਆ ਕਿ ਵਿਖੇ ਪੰਜਵੇਂ ਬਰਸੀ ਸਮਾਗਮ ਨੂੰ ਲੈ ਕੇ ਦੇਸ

13- May Page - 6.qxd 5/12/2024 10:42 PM Page 1

ਵੱਖ-ਵੱਖ ਵਿੱਦਿਅਕ ਅਦਾਰਿਆਂ 'ਚ ਮਾਂ ਦਿਵਸ ਤੇ ਨੈਸ਼ਨਲ ਟੈਕਨਾਲੋਜੀ ਡੇ ਮਨਾਇਆ

ਫਾਲਕਨ ਇੰਟਰਨੈਸ਼ਨਲ ਸਕੂਲ

ਸੁਲਤਾਨਪੁਰ ਲੋਧੀ, (ਹਨੀ)- ਫਾਲਕਨ ਇੰਟਰਨੈਸ਼ਨਲ ਸਕੂਲ ਵਿਖੇ ਪ੍ਰਿੰਸੀਪਲ ਬਲਜੀਤ ਕੌਰ ਜੋਸਨ ਦੀ ਅਗਵਾਈ ਵਿਚ ਮਾਂ ਦਿਵਸ ਸਬੰਧੀ ਸਮਾਗਮ ਕੀਤਾ ਗਿਆ । ਜਿਸ ਵਿੱਚ ਮੇਜ਼ਬਾਨ ਸਕੂਲ ਤੋਂ ਇਲਾਵਾ ਫਾਲਕਨ ਫਾਊਂਡੇਸ਼ਨ ਸਕੂਲ ਦੀਆਂ ਮਾਵਾਂ ਨੇ ਵੀ ਸ਼ਿਰਕਤ ਕੀਤੀ। ਸਕੂਲ ਦੇ ਡਾਇਰੈਕਟਰ ਨਵਦੀਪ ਕੌਰ ਢਿੱਲੋਂ ਸਮਾਗਮ ਵਿਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ । ਦੂਜੀ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ ਅਤੇ ਕੋਰੀਓਗ੍ਰਾਫੀ ਰਾਹੀਂ ਮਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ । ਸਮਾਗਮ ਵਿਚ ਸ਼ਿਰਕਤ ਕਰ ਰਹੀਆਂ ਮਾਵਾਂ ਦਰਮਿਆਨ ਮਾਡਲਿੰਗ ਵੀ ਕਰਵਾਈ ਗਈ। ਸੁਪਰੀਆ ਸ਼ਰਮਾ ਸੁਪਰ ਮੋਮ ਦਾ ਖਿਤਾਬ ਹਾਸਲ ਕਰਨ ਵਿਚ ਸਫਲ ਰਹੀ । ਕੁਲਰਾਜ ਕੌਰ, ਸਾਕਸ਼ੀ ਧੀਰ, ਅਮਨਪ੍ਰੀਤ, ਪ੍ਰਵੀਨ, ਰਮਨਪ੍ਰੀਤ ਕੌਰ ਬੈਸਟ ਮਾਡਲ ਦਾ ਖ਼ਿਤਾਬ ਹਾਸਲ ਕਰਨ ਵਿਚ ਸਫਲ ਰਹੀਆਂ । ਇਸ ਤੋਂ ਇਲਾਵਾ ਮਾਵਾਂ ਦਰਮਿਆਨ ਕਰਵਾਈਆਂ ਗੇਮਜ਼ ਵਿਚ ਮਨਜਿੰਦਰ ਕੌਰ ਅਤੇ ਬਲਜਿੰਦਰ ਕੌਰ ਜੇਤੂ ਰਹੀਆਂ । ਸਮਾਗਮ ਦੇ ਅੰਤ ਵਿੱਚ ਐਮ ਡੀ ਮੈਡਮ ਨਵਦੀਪ ਢਿੱਲੋਂ ਨੇ ਜੇਤੂਆਂ ਨੂੰ ਸਨਮਾਨਤ ਕੀਤਾ ਅਤੇ ਹਾਜ਼ਰੀਨ ਨੂੰ ਮਾਪਿਆਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ । ਇਸ ਮੌਕੇ ਸਕੂਲ ਦੇ ਚੇਅਰਮੈਨ ਕਰਨਲ ਅਜੀਤ ਸਿੰਘ ਢਿੱਲੋਂ ਦੇ ਮਾਤਾ ਗੁਰਦੀਪ ਕੌਰ, ਫਾਲਕਨ ਫਾਊਂਡੇਸ਼ਨ ਦੇ ਹੈਡ ਇੰਚਾਰਜ ਮੀਰਾ ਪੁਰੀ, ਗੁਰਬਚਨ ਸਿੰਘ, ਰਵਿੰਦਰਜੀਤ ਕੌਰ, ਸੁਨੀਤਾ ਰਾਣੀ, ਰਜਨੀ ਧੀਰ, ਨਵਜੋਤ ਕੌਰ, ਮੈਡਮ ਮਮਤਾ ਤੋਂ ਇਲਾਵਾ ਫਾਲਕਨ ਇੰਟਰਨੈਸ਼ਨਲ ਤੇ ਫਾਲਕਨ ਫਾਊਂਡੇਸ਼ਨ ਸਕੂਲ ਦੇ ਸਟਾਫ ਸਟਾਫ਼ ਮੈਂਬਰ ਹਾਜ਼ਰ ਸਨ ।

ਸ਼ਿਵਾਲਿਕ ਮਾਲਟੀਪਰਪਜ਼ ਪਬਲਿਕ ਸਕੂਲ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਸ਼ਿਵਾਲਿਕ ਮਲਟੀਪਰਪਜ ਪਬਲਿਕ ਸਕੂਲ ਵਿੱਚ ਮਾਂ ਦਿਵਸ ਬੜੀ ਹੀ ਧੂਮ ਧਾਮ ਨਾਲ ਕੇਕ ਕੱਟ ਕੇ ਮਨਾਇਆ ਗਿਆ ਅਤੇ ਬੱਚਿਆਂ ਨੇ ਮਾਂ ਨਾਲ ਸਬੰਧਿਤ ਵੱਖ ਵੱਖ ਗਤੀਵਿਧਿਆਂ ਜਿਵੇਂ ਭਾਸ਼ਣ, ਕਵਿਤਾਵਾਂ, ਸਕਿੱਟ, ਪੋਸਟਰ ਮੈਕਿੰਗ, ਡਰਾਇੰਗ, ਡਾਂਸ, ਕਾਰਡ ਮੈਕਿੰਗ, ਲੇਖ ਆਦਿ ਵਿਚ ਹਿੱਸਾ ਲਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਰੇਨੂੰ ਬਾਲਾ ਨੇ ਜੀਵਨ ਵਿਚ ਮਾਂ ਦੀ ਮਹੱਤਤਾ ਬਾਰੇ ਦੱਸਿਆ ਕਿ ਮਾਂ ਹੀ ਬੱਚੇ ਦਾ ਪਹਿਲਾ ਸਕੂਲ ਹੁੰਦੀ ਹੈ, ਜਿਸ ਵਿੱਚ ਉਹ ਬੱਚੇ ਨੂੰ ਸਮਾਜ ਵਿਚ ਵਿਚਰਨ ਦੀ ਜਾਂਚ ਸਿਖਾਉਂਦੀ ਹੈ। ਇਸ ਮੌਕੇ ਅਧਿਆਪਕ ਧਰਮਿੰਦਰ ਕੁਮਾਰ, ਸੁਕਿਨਦਰ ਕੌਰ, ਪਰਮਜੀਤ ਕੌਰ, ਤਾਨੀਆ ਮਨੀਸ਼ਾ, ਅੰਮ੍ਰਿਤਪਾਲ ਕੌਰ, ਅਨੀਤਾ, ਸਿਮਰਨ, ਮਲਕਾ ਆਦਿ ਅਧਿਆਪਕ ਮੌਜੂਦ ਰਹੇ।

ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ

ਸੁਲਤਾਨਪੁਰ ਲੋਧੀ, (ਹਨੀ)- ਸ੍ਰੀ ਗੁਰੂ ਹਰਕਿਸ਼ਨ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ 'ਚ ਮਦਰ ਡੇ ਸਬੰਧੀ ਸਮਾਗਮ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਦੇ ਨਾਲ ਹਿੱਸਾ ਲਿਆ । ਇਸ ਦੌਰਾਨ ਵਿਦਿਆਰਥੀਆਂ ਨੇ ਕਵਿਤਾਵਾਂ, ਭਾਸ਼ਣ ਅਤੇ ਡਾਂਸ ਰਾਹੀਂ ਮਾਂ ਦੇ ਨਿਰਸਵਾਰਥ ਪਿਆਰ, ਦੇਖਭਾਲ ਅਤੇ ਸਮਰਪਣ ਨੂੰ ਬਹੁਤ ਹੀ ਵਧੀਆ ਤਰੀਕੇ ਦੇ ਨਾਲ ਪੇਸ਼ ਕੀਤਾ। ਇਸ ਦੌਰਾਨ ਮਾਂ ਨਾਲ ਸੰਬੰਧਤ ਕਾਰਡ ਮੇਕਿੰਗ ਐਕਟੀਵਿਟੀ ਵੀ ਕਰਵਾਈ ਗਈ, ਜਿਸ ਵਿੱਚ ਵੱਖ-ਵੱਖ ਭਾਵਾਂ ਨੂੰ ਦਰਸਾਉਂਦੇ ਬਹੁਤ ਹੀ ਸੁੰਦਰ ਕਾਰਡ ਬਣਾਏ ਗਏ। ਪ੍ਰਿੰਸੀਪਲ ਰੇਨੂੰ ਅਰੋੜਾ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਮਾਂ ਲਈ ਉਸ ਦਾ ਬੱਚਾ ਹੀ ਉਸ ਦੀ ਸਾਰੀ ਦੁਨੀਆ ਹੁੰਦਾ ਹੈ। ਮਾਂ ਉਸ ਦਾ ਪਹਿਲਾ ਅਧਿਆਪਕ ਹੁੰਦੀ ਹੈ, ਜੋ ਹਮੇਸ਼ਾ ਹੀ ਆਪਣੇ ਬੱਚਿਆਂ ਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ ਅਤੇ ਜ਼ਿੰਦਗੀ ਵਿੱਚ ਹੋਰ ਮਿਹਨਤ ਕਰਨ ਲਈ ਉਤਸ਼ਾਹਤ ਕਰਦੀ ਹੈ। ਸੋ ਸਾਡਾ ਵੀ ਫਰਜ ਹੈ ਕਿ ਅਸੀਂ ਕਦੇ ਵੀ ਮਾਪਿਆਂ ਦਾ ਨਿਰਾਦਰ ਨਾ ਕਰੀਏ ਹਮੇਸ਼ਾ ਹੀ ਉਨ੍ਹਾਂ ਦਾ ਸਤਿਕਾਰ ਕਰੀਏ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਖਾਲਸਾ ਕਾਲਜ ਸੁਲਤਾਨਪੁਰ ਲੋਧੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਮਦਰ ਡੇ ਦੀਆਂ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਮਾਪਿਆਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ ।

ਗੋਇਨਕਾ ਇੰਟਰਨੈਸ਼ਨਲ ਸਕੂਲ

ਕਪੂਰਥਲਾ, (ਹਨੀ)- ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਮਾਂ ਦਿਵਸ ਨੂੰ ਸਮਰਪਤ ਸਮਾਗਮ ਕਰਵਾਇਆ ਗਿਆ । ਇਸ ਦੌਰਾਨ ਨੰਨ੍ਹੇ-ਮੁੰਨੇ ਵਿਦਿਆਰਥੀਆਂ ਨੇ ਗੀਤ, ਕਵਿਤਾਵਾਂ ਅਤੇ ਕੋਰੀਓਗ੍ਰਾਫੀ ਰਾਹੀਂ ਮਾਂ ਪ੍ਰਤੀ ਆਪਣੇ ਪਿਆਰ ਦਾ ਇਜ਼ਹਾਰ ਕੀਤਾ । ਨਿੱਕੇ ਗੋਇਨਕਾਂ ਨੇ ਡਾਂਸ ਰਾਹੀਂ ਆਪਣੀਆਂ ਭਾਵਨਾਵਾਂ ਪੇਸ਼ ਕੀਤੀਆਂ ਜਦਕਿ ਸੀਨੀਅਰ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਕੋਰੀਓਗ੍ਰਾਫੀ ਵੀ ਸਮਾਗਮ ਦਾ ਮੁੱਖ ਆਕਰਸ਼ਣ ਰਹੀ। ਚੇਅਰਮੈਨ ਸੁਖਦੇਵ ਸਿੰਘ ਨਾਨਕਪੁਰ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਨੇ ਵਿਦਿਆਰਥੀਆਂ ਨੂੰ ਮਾਂ ਦਿਵਸ ਦੀ ਵਧਾਈ ਦਿੰਦਿਆਂ ਮਾਪਿਆਂ ਦਾ ਸਤਿਕਾਰ ਕਰਨ ਦਾ ਸੁਨੇਹਾ ਦਿੱਤਾ।

ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ

ਝਬਾਲ (ਹਰਜਿੰਦਰ ਸਿੰਘ ਸੋਨੀ)—ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਦੀ ਯੋਗ ਰਹਿਨੁਮਾਈ ਹੇਠ ਅਧਿਆਪਕਾਂ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ 'ਮਾਂ ਦਿਵਸ' ਅਤੇ 'ਨੈਸ਼ਨਲ ਟੈਕਨਾਲੋਜੀ ਡੇ' ਮਨਾਇਆ ਗਿਆ।ਸਵੇਰ ਦੀ ਸਭਾ ਵਿੱਚ ਸਕੂਲ ਸ਼ਬਦ ਗਾਇਨ ਉਪਰੰਤ ਮੈਡਮ ਅਮਰਦੀਪ ਕੌਰ ਵੱਲੋਂ ਮਾਂ ਦਿਵਸ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ ।ਇਸੇ ਸੰਬੰਧੀ ਦੂਜੀ ਅਤੇ ਤੀਜੀ ਜਮਾਤ ਦੇ ਵਿਦਿਆਰਥੀਆਂ ਦੇ ਕਾਰਡ ਮੇਕਿੰਗ ਮੁਕਾਬਲੇ ਕਰਵਾਏ ਗਏ।ਚੌਥੀ ਅਤੇ ਪੰਜਵੀਂ ਜਮਾਤ ਦੀ 'ਹਾਊਸ ਹੋਲਡਿੰਗ' ਐਕਟੀਵਿਟੀ ਕਰਵਾਈ ਗਈ।ਨੈਸ਼ਨਲ ਟੈਕਨਾਲੋਜੀ ਡੇ ਸੰਬੰਧੀ ਮੈਡਮ ਰਮਨਦੀਪ ਕੌਰ ਦੁਆਰਾ ਨੈਸ਼ਨਲ ਟੈਕਨਾਲੋਜੀ ਡੇ ਮਨਾਉਣ ਦੇ ਮਹੱਤਤਾ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਗਿਆ।ਮੈਡਮ ਨਵਜੋਤ ਕੌਰ ਨੇ ਟੈਕਨਾਲੋਜੀ ਦੀ ਹੋ ਰਹੀ ਗਲਤ ਵਰਤੋਂ ਸੰਬੰਧੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ।ਇਸੇ ਸੰਬੰਧੀ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੀ ਇਨਫਾਰਮੇਸ਼ਨ ਟੈਕਨਾਲੋਜੀ ਦੇ ਲਾਭ ਅਤੇ ਹਾਨੀਆਂ ਸੰਬੰਧੀ ਡਿਬੇਟ ਕਰਵਾਈ ਗਈ ।ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਪੀਪੀਟੀ ਮੁਕਾਬਲੇ ਕਰਵਾਏ ਗਏ।ਸਕੂਲ ਦੀ ਸਮੂਹ ਮੈਨੇਜਮੈਂਟ ਅਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਬੱਚੇ ਦੀ ਜ਼ਿੰਦਗੀ ਵਿੱਚ ਮਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਂਦਿਆਂ ਹੋਇਆਂ ਮਾਂ ਦੀ ਵੱਧ ਤੋਂ ਵੱਧ ਮਦਦ ਕਰਨ ਲਈ ਪ੍ਰੇਰਿਤ ਕੀਤਾ।ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਾਈਬਰ ਕ੍ਰਾਈਮ ਵਰਗੇ ਹੋ ਰਹੇ ਅਪਰਾਧਾਂ ਤੋਂ ਬਚਣ ਦੇ ਲਈ ਸੁਚੇਤ ਕੀਤਾ।

ਡੀ ਏ ਵੀ ਪਬਲਿਕ ਸਕੂਲ

ਮਲੋਟ, (ਗੁਰਮੀਤ ਸਿੰਘ ਮੱਕੜ):-ਸਥਾਨਕ ਡੀ.ਏ.ਵੀ. ਪਬਲਿਕ ਸਕੂਲ ਵੱਲੋਂ ਮਾਂ ਦਿਵਸ ਹਫ਼ਤੇ ਵਜੋਂ ਬੜੀ ਧੂਮ-ਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਪ੍ਰਧਾਨਗੀ ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਠਲਾ ਨੇ ਕੀਤੀ। ਸਕੂਲ ਦੇ ਵਿਹੜੇ ਵਿੱਚ ਕਰਵਾਏ ਗਏ ਮਾਂ ਦਿਵਸ ਪ੍ਰੋਗਰਾਮ ਮੌਕੇ ਸਕੂਲ ਦੀਆਂ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਆਪਣੀਆਂ ਮਾਵਾਂ ਨਾਲ ਕਵਿਤਾਵਾਂ, ਅਦਾਕਾਰੀ, ਗੀਤ ਗਾ ਕੇ ਤੇ ਡਾਂਸ ਕਰਕੇ ਸਾਰਿਆਂ ਦਾ ਮਨ ਮੋਹ ਲਿਆ।

ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਸੰਧਿਆ ਬਾਠਲਾ ਨੇ ਕਿਹਾ ਕਿ ਮਾਂ ਦੀ ਜਾਨ ਬਹੁਤ ਕੀਮਤੀ ਹੁੰਦੀ ਹੈ ਅਤੇ ਸਮਰਪਣ ਨਾਲ ਜੁੜੀ ਹੁੰਦੀ ਹੈ। ਮਾਂ ਬੱਚੇ ਦੀ ਸਿਰਜਣਹਾਰ ਹੁੰਦੀ ਹੈ, ਭਾਵ ਮਾਂ ਬੱਚੇ ਦੀ ਪਹਿਲੀ ਅਧਿਆਪਕ ਹੁੰਦੀ ਹੈ ਅਤੇ ਬੱਚਾ ਜੋ ਵੀ ਸਿੱਖਦਾ ਹੈ, ਉਹ ਸਭ ਤੋਂ ਪਹਿਲਾਂ ਆਪਣੀ ਮਾਂ ਤੋਂ ਬੋਲਣਾ ਸਿੱਖਦਾ ਹੈ। ਬੱਚਾ ਉਹੀ ਬਣਦਾ ਹੈ, ਜੋ ਮਾਂ ਬੱਚੇ ਨੂੰ ਸਿਖਾਉਂਦੀ ਹੈ। ਉਨ੍ਹਾਂ ਕਿਹਾ ਕਿ ਮਾਂ ਜੀਵਨ ਦਾ ਥੰਮ੍ਹ ਹੈ, ਉਹ ਇੱਕ ਅਧਿਆਪਕ ਤੇ ਮਾਰਗਦਰਸ਼ਕ ਹੋਣ ਦੇ ਨਾਲ-ਨਾਲ ਇੱਕ ਵਧੀਆ ਦੋਸਤ ਵੀ ਹੈ ਅਤੇ ਉਹ ਹਰ ਮੁਸ਼ਕਿਲ, ਦੁੱਖ ਅਤੇ ਮੁਸੀਬਤ ਵਿਚ ਸਾਡੇ ਨਾਲ ਖੜ੍ਹੀ ਹੁੰਦੀ ਹੈ ਤੇ ਜੀਵਨ ਦੀਆਂ ਰੁਕਾਵਟਾਂ ਨੂੰ ਪਾਰ ਕਰਨ ਦੀ ਤਾਕਤ ਪ੍ਰਦਾਨ ਕਰਦੀ ਹੈ, ਇਸ ਲਈ ਹਰ ਬੱਚੇ ਨੂੰ ਆਪਣੇ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਕਿਸੇ ਚੀਜ਼ ਦੀ ਕਮੀ ਮਹਿਸੂਸ ਨਹੀਂ ਕਰਨੀ ਚਾਹੀਦੀ। ਇਸ ਮੌਕੇ ਸਕੂਲ ਦੇ ਚੇਅਰਮੈਨ ਸ਼੍ਰੀ ਰਵੀ ਛਾਬੜਾ ਨੇ ਆਪਣੇ ਸੰਦੇਸ਼ ਵਿਚ ਕਿਹਾ ਕਿ ਸਾਨੂੰ ਮਾਪਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਤੇ ਮਾਂ ਬਾਪ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਪ੍ਰੋਗਰਾਮ ਵਿੱਚ ਸਕੂਲ ਦਾ ਸਮੂਹ ਸਟਾਫ਼, ਮਾਪੇ ਤੇ ਬੱਚੇ ਹਾਜ਼ਰ ਸਨ।

ਸੁਪਰੀਮ ਕੋਰਟ ਨੇ ਦੇਸ਼ ਦੇ ਲੋਕਤੰਤਰ ਦੀ ਹੋਂਦ ਬਚਾਈ : ਰਮਨ ਬਹਿਲ

ਗੁਰਦਾਸਪੁਰ (ਜਨਕ ਮਹਾਜਨ)-ਦੇਸ਼ ਦੀ ਸਰਵ ਉੱਚ ਅਦਾਲਤ ਵੱਲੋਂ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਦਿੱਤੀ ਗਈ ਅੰਤਰਿਮ ਜ਼ਮਾਨਤ ਦੇ ਸੰਬੰਧ ਵਿੱਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਜਿਥੇ ਸੁਪਰੀਮ ਕੋਰਟ ਦਾ ਧੰਨਵਾਦ ਕੀਤਾ ਹੈ, ਉਸ ਦੇ ਨਾਲ ਹੀ ਕਿਹਾ ਹੈ ਕਿ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇ ਕੇ ਸੁਪਰੀਮ ਕੋਰਟ ਨੇ ਦੇਸ਼ ਦੇ ਲੋਕਤੰਤਰ ਦੀ ਹੋਂਦ ਨੂੰ ਬਚਾਇਆ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਆਮ ਆਦਮੀ ਪਾਰਟੀ ਦੀ ਵੱਧ ਰਹੀ ਲੋਕਪ੍ਰਿਅਤੀ ਨੂੰ ਦੇਖਦਿਆਂ ਅਰਵਿੰਦ ਕੇਜਰੀਵਾਲ ਨੂੰ ਈਡੀ ਦੀ ਦੁਰਵਰਤੋਂ ਕਰਕੇ ਗ੍ਰਿਫਤਾਰ ਕਰਵਾਇਆ ਸੀ ਜਿਸ ਕਾਰਨ ਪੂਰੇ ਦੇਸ਼ ਦੇ ਲੋਕਾਂ ਵਿੱਚ ਭਾਜਪਾ ਕੌਝੀ ਚਾਲ ਨੂੰ ਲੈ ਕੇ ਗੁੱਸੇ ਦੀ ਲਹਿਰ ਸੀ।

ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਅਜਿਹੀਆਂ ਅਹਿਮ ਏਜੰਸੀਆਂ ਦੀ ਦੁਰਵਰਤੋਂ ਕਰਕੇ ਨਰਿੰਦਰ ਮੋਦੀ ਅਤੇ ਉਨ੍ਹਾਂ ਦੀ ਪਾਰਟੀ ਸੱਤਾ ਹਥਿਆਉਣੀ ਚਾਹੁੰਦੀ ਹੈ, ਪਰ ਪੰਜਾਬ ਸਮੇਤ ਸਮੁੱਚੇ ਦੇਸ਼ ਦੇ ਲੋਕ ਕਦੇ ਵੀ ਅਜਿਹੇ ਜਬਰ ਦੇ ਅੱਗੇ ਝੁਕਣ ਵਾਲੇ ਨਹੀਂ। ਬਹਿਲ ਨੇ ਕਿਹਾ ਕਿ ਵਿਰੋਧੀ ਧਿਰਾਂ ਨੂੰ ਅਜੇ ਵੀ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਇਸ ਤਰ੍ਹਾਂ ਜ਼ੁਲਮ ਕਰਕੇ ਉਹ ਦੇਸ਼ ਦੇ ਲੋਕਾਂ ਦੇ ਮਨ ਅਤੇ ਫੈਸਲੇ ਨੂੰ ਬਦਲ ਨਹੀਂ ਸਕਦੀ।

ਕਮਲ ਗਿੱਲ ਦੀ ਵਾਰਤਕ ਪੁਸਤਕ ਤੇ 'ਅਨੁਤਾਸ਼' ਦਾ ਪਲੇਠਾ ਅੰਕ ਲੋਕ ਅਰਪਣ

ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)-ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ, ਜ਼ਿਲ੍ਹਾ ਅੰਮ੍ਰਿਤਸਰ ਵੱਲੋਂ ਵਿਰਸਾ ਵਿਹਾਰ ਦੇ ਸ. ਨਾਨਕ ਸਿੰਘ ਨਾਵਲਿਸਟ ਸੈਮੀਨਾਰ ਹਾਲ ਵਿਖੇ ਪ੍ਰਮੁੱਖ ਸ਼ਾਇਰਾ ਕਮਲ ਗਿੱਲ ਦੀ ਵਾਰਤਕ ਪੁਸਤਕ 'ਸੰਸਾਰ ਪ੍ਰਸਿੱਧ ਸ਼ਾਹਕਾਰ ਨਾਵਲਾਂ ਦੇ ਪਾਤਰ' ਅਤੇ ਸਾਹਿਤਕ ਮੈਗਜ਼ੀਨ 'ਅਨੁਤਾਸ਼' ਦਾ ਪਲੇਠਾ ਅੰਕ ਲੋਕ ਅਰਪਣ ਕੀਤਾ ਗਿਆ।ਇਸ ਸਮਾਗਮ ਦੀ ਪ੍ਰਧਾਨਗੀ ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਦੇ ਪ੍ਰਧਾਨ ਪ੍ਰੋ. ਸੁਰਜੀਤ ਜੱਜ, ਡਾ. ਇੰਦਰਜੀਤ ਗਿੱਲ, ਨਿਰਮਲ ਅਰਪਣ, ਰਮੇਸ਼ ਯਾਦਵ ਅਤੇ ਏਕਮ ਦੇ ਸੰਪਾਦਕ ਅਰਤਿੰਦਰ ਸੰਧੂ ਵੱਲੋਂ ਸਾਂਝੇ ਰੂਪ 'ਚ ਕੀਤੀ ਗਈ।ਸਭ ਤੋਂ ਪਹਿਲਾਂ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ ਇਕਾਈ ਦੇ ਪ੍ਰਧਾਨ ਭੂਪਿੰਦਰ ਸਿੰਘ ਸੰਧੂ ਨੇ ਆਏ ਲੇਖਕਾਂ, ਸਾਹਿਤ ਪ੍ਰੇਮੀਆਂ ਅਤੇ ਅਦੀਬਾਂ ਨੂੰ ਜੀ ਆਇਆਂ ਨੂੰ ਕਿਹਾ।ਇਸ ਮੌਕੇ ਵਿਚਾਰ ਚਰਚਾ ਕਰਦਿਆਂ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਇਹ ਕਿਤਾਬ ਸੁਚੇਤ ਜਾਂ ਅਚੇਤ ਤੌਰ 'ਤੇ ਅਜਿਹੇ ਸਮੇਂ ਤੇ ਆਈ ਹੈ ਜਦੋਂ ਸਾਡੇ ਸਮਾਜ ਅਤੇ ਰਾਜਤੰਤਰ ਦੀ ਹਾਲਤ ਠੀਕ ਉਸੇ ਤਰ੍ਹਾਂ ਦੀ ਹੈ ਜਿਸ ਤਰ੍ਹਾਂ ਦੀ ਪੈਰਿਸ ਦੇ ਕੁੱਬੜੇ ਪਾਤਰ ਜਿਸ ਦਾ ਨਾਮ ਕੋਸੋ ਮੋਦੋ ਭਾਵ (ਖ਼ਰਵਾ, ਬੇਢੱਭਾ) ਰਾਹੀਂ ਮਹਾਨ ਨਾਵਲਕਾਰ ਵਿਕਟਰ ਹਿਓਗੋ ਚਿੱਤਰਦਾ ਹੈ।ਸਮਾਰੋਹ ਵਿੱਚ ਡਾ. ਇੰਦਰਜ

13-MAY-PAGE-7.qxd 5/12/2024 10:26 PM Page 1

ਹਰਨੇਕ ਸਿੰਘ ਮਹਿਮਾ ਦੀ ਗ੍ਰਿਫ਼ਤਾਰੀ ਖਿਲਾਫ਼ ਮੁਜ਼ਾਹਰਾ

ਰਾਮਪੁਰਾ ਫੂਲ (ਦਰਸ਼ਨ ਜਿੰਦਲ)

ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਇਕਾਈ ਪਿੰਡ ਰਾਮਪੁਰਾ ਵੱਲੋਂ ਸੂਬਾ ਕਮੇਟੀ ਦੇ ਸੱਦੇ 'ਤੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਗ੍ਰਿਫ਼ਤਾਰੀ ਦੇ ਰੋਸ 'ਚ ਤੇ ਰਿਹਾਈ ਵਾਸਤੇ ਪੰਜਾਬ ਸਰਕਾਰ ਤੇ ਕੇਦਰ ਸਰਕਾਰ ਦੀ ਅਰਥੀ ਫੂਕੀ ਤੇ ਮੁਜਾਹਰਾ ਕੀਤਾ ਗਿਆ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਇਕਾਈ ਪਿੰਡ ਰਾਮਪੁਰਾ ਦੇ ਆਗੂ ਪਰਮਜੀਤ ਸਿੰਘ ਪੰਮੀ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਦੇ ਫੈਸਲੇ ਅਨੁਸਾਰ ਭਾਜਪਾ ਉਮੀਦਵਾਰ ਗੁਰਮੀਤ ਸਿੰਘ ਰਾਣਾ ਸੋਢੀ ਨੂੰ ਫ਼ਿਰੋਜ਼ਪੁਰ ਜਾਂਦੇ ਸਮੇਂ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਦੀ ਅਗਵਾਈ ਵਿੱਚ ਕਿਸਾਨ ਆਗੂ ਤੇ ਵਰਕਰ ਕਾਲੇ ਝੰਡੇ ਦਿਖਾਕੇ ਰੋਸ ਪ੍ਰਗਟ ਕਰ ਰਹੇ ਸਨ।

ਇਸ ਸਮੇਂ ਪੁਲਸ ਨੇ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਤੇ ਹੋਰ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ 'ਚ ਬੰਦ ਕਰ ਦਿੱਤਾ ਹੈ। ਆਗੂਆਂ ਨੇ ਇਨ੍ਹਾਂ ਦੀ ਗ੍ਰਿਫ਼ਤਾਰੀ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਨਹੀਂ ਤਾਂ ਆਉਣ ਵਾਲੇ ਸਮੇਂ 'ਚ ਜਥੇਬੰਦੀ ਵੱਲੋਂ ਪਿੰਡਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਦਾ ਘਿਰਾਉ ਕੀਤਾ ਜਾਵੇਗਾ।

ਮਾਰਕਫੈੱਡ ਨੇ ਆਪਣੇ ਦਾਗ਼ੀ ਮੁਲਾਜ਼ਮਾਂ ਨੂੰ ਬਚਾਉਣ ਲਈ ਕਾਨੂੰਨ ਨੂੰ ਟੰਗਿਆ ਛਿੱਕੇ

ਜੈਤੋ (ਸਤੀਸ਼ ਕੁਮਾਰ ਭੀਰੀ)-ਭ੍ਰਿਸ਼ਟਾਚਾਰ, ਬੇਨਿਯਮੀਆਂ ਨਾਲ ਰਿਸ਼ਤੇਦਾਰੀ ਨਿਭਾਉਣ ਖਾਤਰ ਮਾਰਕਫੈੱਡ ਫ਼ਰੀਦਕੋਟ ਵੱਲੋਂ ਕਾਨੂੰਨ ਦੀਆਂ ਧੱਜੀਆਂ ਉਡਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾ ਰਿਹਾ। ਮਾਰਕਫੈੱਡ ਪੰਜਾਬ ਦੇ ਉੱਚ ਅਧਿਕਾਰੀਆਂ ਵੱਲੋਂ ਕੀਤੀ ਗਈ ਜਾਂਚ ਦੌਰਾਨ ਕਰੋੜਾਂ ਰੁਪਏ ਦਾ ਭ੍ਰਿਸ਼ਟਾਚਾਰ ਕਰਨ ਦੇ ਦੋਸ਼ੀ ਪਾਏ ਜਾਣ ਤੋਂ ਬਾਅਦ ਵੀ ਇਨ੍ਹਾਂ ਵਿਰੁੱਧ ਕੋਈ ਕਾਰਵਾਈ ਨਹੀਂ ਹੋਣਾ ਵਿਭਾਗ ਵਿੱਚ ਥੱਲੇ ਤੋਂ ਉੱਪਰ ਤੱਕ ਇੱਕੋ ਗੰਦਗੀ ਵਿੱਚ ਲੋਟਣੀਆਂ ਖਾਣ ਵੱਲ ਇਸ਼ਾਰਾ ਕਰਦਾ ਹੈ। ਦੱਸਣਯੋਗ ਗੱਲ ਇਹ ਹੈ ਕਿ ਫ਼ਰੀਦਕੋਟ ਜ਼ਿਲ੍ਹੇ ਦੇ ਇੱਕ ਆਰ ਟੀ ਆਈ ਕਾਰਕੁੰਨ ਵੱਲੋਂ ਮਾਰਕਫੈੱਡ ਦੇ ਉੱਚ ਅਧਿਕਾਰੀਆਂ ਵੱਲੋਂ ਦੋਸ਼ੀਆਂ ਖ਼ਿਲਾਫ਼ ਰਿਕਵਰੀ ਕਲੇਮ ਕਰਨ ਦਾ ਸਾਹਮਣਾ ਕਰਨ ਵਾਲੇ ਕ੍ਰਮਚਾਰੀਆਂ ਸਬੰਧੀ ਉਨ੍ਹਾਂ ਦੀ ਡਿਊਟੀ, ਅਹੁਦਾ, ਅਹਿਮ ਸੀਟਾਂ ਜਿਵੇਂ ਕਿ ਖਰੀਦ ਕੇਂਦਰ, ਸਟਾਕ ਆਰਟੀਕਲ ਜਾਂ ਹੋਰ ਸਰਕਾਰੀ ਸਮਾਨ ਦਾ ਚਾਰਜ ਸੰਭਾਲਿਆ ਗਿਆ ਹੈ, ਕੀਤੀ ਕਾਰਵਾਈ ਸਬੰਧੀ ਫ਼ਾਈਲ ਦੀ ਕਾਪੀ ਸਮੇਤ ਮਾਨਯੋਗ ਹਾਈਕੋਰਟ ਵੱਲੋਂ ਇਨ੍ਹਾਂ ਰਿਕਵਰੀ ਕਲੇਮ 'ਤੇ ਲੱਗੇ ਹੋਏ ਸਟੇਅ ਦੇ ਕੇਸਾਂ ਦੀ ਫਾਈਲ ਦੀ ਕਾਪੀ ਮੰਗੇ ਜਾਣ ਤੇ ਤੀਜੀ ਧਿਰ ਕਹਿੰਦੇ ਹੋਏ ਜਾਣਕਾਰੀ ਦੇਣ ਤੋਂ ਜਵਾਬ ਦੇ ਦਿੱਤਾ ਗਿਆ। ਇਹ ਸਾਰੀਆਂ ਗੱਲਾਂ ਮਾਰਕਫੈੱਡ ਦੇ ਉੱਚ ਅਧਿਕਾਰੀਆਂ ਦੀ ਸਹਿ ਤੇ ਘੁਟਾਲਿਆਂ ਦੇ ਬਦਬੂਦਾਰ ਛੱਪੜ ਵਿੱਚ ਚੁੱਭੀਆਂ ਲਾ ਰਹੇ ਆਪਣੇ ਮਾਤਹਤ ਕ੍ਰਮਚਾਰੀਆਂ ਦਾ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਹੋਏ ਪੱਖ ਪੂਰਿਆ ਜਾ ਰਿਹਾ ਹੈ।

ਕਮਲਜੀਤ ਬਰਾੜ ਨੇ ਪਿੰਡ ਮੱਲਾ 'ਚ ਚੋਣ ਜਲਸੇ ਨੂੰ ਸੰਬੋਧਨ ਕੀਤਾ

ਜਗਰਾਉਂ (ਨਛੱਤਰ ਸੰਧੂ)

ਲੋਕ ਸਭਾ ਚੋਣਾਂ ਦਾ ਅਖਾੜਾ ਭਖ ਚੁੱਕਾ ਹੈ। ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਲੀਡਰਾਂ ਨੇ ਆਪਣਾ ਆਪਣਾ ਚੋਣ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ਲੁਧਿਆਣਾ ਲੋਕ ਸਭਾ ਤੋਂ ਜਿੱਥੇ ਕਾਂਗਰਸ ਪਾਰਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਚੋਣ ਲੜ ਰਹੇ ਹਨ, ਦੂਜੇ ਪਾਸੇ ਤਿੰਨ ਵਾਰ ਐਮ ਪੀ ਰਹੇ ਰਵਨੀਤ ਬਿੱਟੂ ਨੇ ਦਲ ਬਦਲ ਕੇ ਬੀ ਜੇ ਪੀ ਵੱਲੋਂ ਚੋਣ ਲੜਨ ਦਾ ਐਲਾਨ ਕਰ ਦਿੱਤਾ, ਉੱਥੇ ਸਾਬਕਾ ਮੰਤਰੀ ਰਹੇ ਦਰਸ਼ਨ ਸਿੰਘ ਬਰਾੜ ਦੇ ਫਰਜ਼ੰਦ ਕਮਲਜੀਤ ਸਿੰਘ ਬਰਾੜ ਨੇ ਆਜ਼ਾਦ ਚੋਣ ਲੜਨ ਦਾ ਐਲਾਨ ਕਰ ਦਿੱਤਾ, ਜਿਸ ਕਾਰਨ ਲੁਧਿਆਣਾ ਲੋਕ ਸਭਾ ਹਲਕੇ ਤੋਂ ਮਾਮਲਾ ਰੋਮਾਂਟਿਕ ਹੋ ਗਿਆ ਹੈ। ਇੱਕ ਪਾਸੇ ਲੁਧਿਆਣਾ ਲੋਕ ਸਭਾ ਦੀ ਵੱਡੀ ਲੀਡਰਸ਼ਿਪ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਬਾਹਰਲਾ ਉਮੀਦਵਾਰ ਦੱਸ ਕੇ ਸਵੀਕਾਰ ਨਹੀਂ ਕਰ ਰਹੀ, ਉੱਥੇ ਲੁਧਿਆਣਾ ਜ਼ਿਲ੍ਹੇ ਦੇ ਲੋਕਾਂ ਵਿੱਚ ਭਾਰੀ ਰੋਸ ਹੈ ਕਿ ਐਮ ਪੀ ਬਣਨ ਤੋਂਡ ਬਾਅਦ ਰਵਨੀਤ ਬਿੱਟੂ ਨੇ ਵਰਕਰਾਂ ਦੀ ਸਾਰ ਨਹੀਂ ਲਈ ਤੇ ਨਾ ਹੀ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਵਿੱਚ ਵਿਚਰਿਆ। ਇਸਦੇ ਬਿਲਕੁਲ ਉਲਟ ਬਰਾੜ ਪਰਵਾਰ ਪਿਛਲੇ ਲੰਮੇ ਸਮੇਂ ਤੋਂ ਲੁਧਿਆਣਾ ਲੋਕ ਸਭਾ ਹਲਕੇ ਦੇ ਲੋਕਾਂ ਦੇ ਦੁੱਖ-ਸੁੱਖ ਵਿੱਚ ਸ਼ਰੀਕ ਹੋ ਰਿਹਾ ਹੈ ਤੇ ਵੱਡੀ ਗਿਣਤੀ ਵਿੱਚ ਲੋਕ ਬਰਾੜ ਪਰਵਾਰ ਨੂੰ ਪਿਆਰ ਕਰਦੇ ਹਨ। ਲੋਕ ਸਭਾ ਲੁਧਿਆਣਾ ਤੋਂ ਅਜ਼ਾਦ ਉਮੀਦਵਾਰ ਜੋ ਅੱਠ ਸਾਲ ਲੁਧਿਆਣਾ ਯੂਥ ਕਾਂਗਰਸ ਦੇ ਇੰਚਾਰਜ ਵੀ ਰਹੇ ਹਨ, ਉਨ੍ਹਾਂ ਆਪਣਾ ਚੋਣ ਪ੍ਰਚਾਰ ਤੇਜ਼ੀ ਨਾਲ ਹਲਕਾ ਜਗਰਾਉਂ ਦੇ ਪਿੰਡ ਮੱਲਾ ਤੋਂ ਸ਼ੁਰੂ ਕਰ ਦਿੱਤਾ।

ਮਾਂ ਦਿਵਸ ਮਨਾਉਂਦੇ ਹੋਏ ਮਾਂਵਾਂ ਨੂੰ ਦਿੱਤੇ ਤੋਹਫ਼ੇ

ਅਜੀਤਵਾਲ (ਨਛੱਤਰ ਸੰਧੂ)-ਵਿੱਦਿਅਕ ਸੰਸਥਾ ਹੋਲੀ ਹਾਰਟ ਸਕੂਲ ਦੇ ਬੱਚਿਆਂ ਨੇ ਘਰ ਵਿੱਚ ਆਪਣੀਆਂ ਮਾਵਾਂ ਨਾਲ ਮਾਂ ਦਿਵਸ ਮਨਾਇਆ, ਜਿਸ ਵਿੱਚ ਉਨ੍ਹਾਂ ਆਪਣੀਆਂ ਮਾਂਵਾਂ ਲਈ ਅਲੱਗ ਅਲੱਗ ਤਰ੍ਹਾਂ ਦੇ ਚਾਰਟ, ਕਾਰਡ ਅਤੇ ਹੋਰ ਕੀਮਤੀ ਤੋਹਫੇ ਬਣਾਏ ਤੇ ਉਨ੍ਹਾਂ ਨੂੰ ਦਿੱਤੇ, ਜਿਨ੍ਹਾਂ ਨੂੰ ਲੈ ਕੇ ਮਾਵਾਂ ਨੂੰ ਬਹੁਤ ਜ਼ਿਆਦਾ ਖੁਸ਼ੀ ਮਹਿਸੂਸ ਹੋਈ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼ੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਮਾਂ ਦਿਵਸ ਸਾਡੇ ਸਾਰਿਆਂ ਦੇ ਜੀਵਨ ਵਿੱਚ ਬਹੁਤ ਮਹੱਤਵਪੂਰਨ ਹੁੰਦਾ ਹੈ, ਜਿਸ ਦਾ ਕਾਰਨ ਇਹ ਹੈ ਕਿ ਇਹ ਸਾਡੀ ਮਾਂ ਲਈ ਖਾਸ ਦਿਨ ਹੈ, ਜਿਨ੍ਹਾਂ ਦਾ ਸਾਡੇ ਦਿਲਾਂ 'ਚ ਖਾਸ ਸਥਾਨ ਹੈ। ਇਸ ਸਮੇਂ ਸਕੂਲ ਸਟਾਫ਼ ਹਾਜ਼ਰ ਸੀ।

ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ

ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)-ਗਲੋਬਲ ਫਲਾਇਰਜ ਆਈਲੈਟਸ ਤੇ ਇਮੀਗ੍ਰੇਸ਼ਨ ਸੰਸਥਾ ਵੱਲੋਂ ਅਮਰਜੋਤ ਕੌਰ ਵਾਸੀ ਪਿੰਡ, ਰਣੀਆਂ (ਮੋਗਾ) ਦਾ ਸਟੱਡੀ ਵੀਜ਼ਾ ਲਵਾ ਕੇ ਦਿੱਤਾ ਹੈ। ਐਮ ਡੀ ਰਜਤ ਪਲਤਾ ਨੇ ਦੱਸਿਆ ਕਿ ਮਿਹਨਤੀ ਤੇ ਤਜਰਬੇਕਾਰ ਸਟਾਫ਼ ਸਦਕਾ ਅਮਰਜੋਤ ਕੌਰ ਨੇ ਵੀਜ਼ਾ ਪ੍ਰਾਪਤ ਕੀਤਾ ਤੇ ਨਾਲ ਹੀ ਦੱਸਿਆ ਗਲੋਬਲ ਫਲਾਇਰਜ ਸੰਸਥਾ ਵੱਲੋਂ ਵੀਜ਼ੇ ਲਵਾਉਣ ਲਈ ਮੋਹਰੀ ਸੰਸਥਾ ਰਹੀ ਹੈ। ਇਸ ਮੌਕੇ ਅਮਰਜੋਤ ਕੌਰ ਤੇ ਉਨ੍ਹਾਂ ਦੇ ਪਰਵਾਰ ਨਾਲ ਖੁਸ਼ੀ ਜਾਹਰ ਕਰਦਿਆਂ ਐਮ ਡੀ ਰਜਤ ਪਲਤਾ ਨੇ ਪੂਰੇ ਸਟਾਫ਼ ਦਾ ਧੰਨਵਾਦ ਕੀਤਾ।

ਫ਼ਰੀਡਮ ਫਾਈਟਰ ਉੱਤਰਾਧਿਕਾਰੀ ਜਥੇਬੰਦੀ ਦੀ ਮੀਟਿੰਗ ਦੌਰਾਨ ਅਹਿਮ ਫ਼ੈਸਲੇ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)-ਫਰੀਡਮ ਫਾਈਟਰ ਉਤਰਾਅਧਿਕਾਰੀ ਜਥੇਬੰਦੀ ਰਜਿ 196 ਪਟਿਆਲਾ (ਪੰਜਾਬ) ਦੀ ਸੂਬਾ ਪੱਧਰੀ ਬੈਠਕ 'ਚ ਆਗੂਆਂ ਨੇ ਕਿਹਾ ਕਿ ਸਿਆਸੀ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਵਿੱਚ ਸੁਤੰਤਰਤਾ ਸੰਗਰਾਮੀ ਪਰਵਾਰਾਂ ਦੀਆਂ ਮੰਗਾਂ ਪੂਰੀਆਂ ਕਰਨ ਲਈ ਵਚਨਬੱਧ ਹੋਣ। ਸੂਬਾ ਪ੍ਰਧਾਨ ਚਤਿੰਨ ਸਿੰਘ ਮਾਨਸਾ ਅਤੇ ਸੁਬਾਈ ਸਰਪ੍ਰਸਤ ਹਰਿੰਦਰ ਪਾਲ ਸਿੰਘ ਖਾਲਸਾ ਅਗਵਾਈ ਵਿੱਚ ਇਕਾਈ ਪਟਿਆਲਾ ਦੀ ਮੀਟਿੰਗ ਹੋਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਜਗਦੀਪ ਸਿੰਘ ਧਨੇਠਾ, ਜ਼ਿਲ੍ਹਾ ਸੈਕਟਰੀ ਸੁਖਵਿੰਦਰ ਸਿੰਘ ਖੁਰਾਣਾ, ਜ਼ਿਲ੍ਹਾ ਖ਼ਜ਼ਾਨਚੀ ਜਸਵੀਰ ਸਿੰਘ ਧੀਮਾਨ ਤੇ ਸਮੂਹ ਸੁਤੰਤਰਤਾ ਸੰਗਰਾਮੀ ਪਰਵਾਰ ਸ਼ਾਮਲ ਹੋਏ। ਮੀਟਿੰਗ ਵਿੱਚ ਬੁਲਾਰਿਆਂ ਨੇ ਕਿਹਾ ਕਿ ਅਜੇ ਤੱਕ ਫਰੀਡਮ ਫਾਈਟਰ ਪਰਵਾਰਾਂ ਦੀ ਕਿਸੇ ਸਿਆਸੀ ਪਾਰਟੀ ਵੱਲੋਂ ਸਾਰ ਨਹੀਂ ਲਈ ਗਈ ਅਤੇ ਦੇਸ਼ ਭਗਤ ਪਰਵਾਰਾਂ ਦੇ ਨਾਂਅ 'ਤੇ ਸਿਰਫ ਸਿਆਸਤ ਹੀ ਕੀਤੀ ਜਾਂਦੀ ਹੈ। ਦੇਸ ਦੀ ਆਜ਼ਾਦੀ ਲਈ ਲਾਏ ਮੋਰਚਿਆਂ 'ਤੇ ਆਜ਼ਾਦੀ ਘੁਲਾਟੀਆਂ ਦੀਆਂ ਕੀਤੀਆਂ ਕੁਰਬਾਨੀਆਂ ਬਦਲੇ ਸਿੱਖਿਆ ਤੇ ਮੈਡੀਕਲ ਅਦਾਰਿਆਂ 'ਚ ਸਹੂਲਤ ਦੇਣ, ਸਰਕਾਰੀ ਨੌਕਰੀ ਕਰ ਰਹੇ ਕ੍ਰਮਚਾਰੀਆਂ/ਅਧਿਕਾਰੀ ਨੂੰ ਤਰੱਕੀ ਵਿੱਚ ਰਾਖਵਾਂਕਰਨ ਦੇਣ, ਫਰੀਡਮ ਫਾਈਟਰ ਪਰਵਾਰਾਂ ਨੂੰ ਸਰਕਾਰਾਂ ਵਿੱਚ ਭਾਗੀਦਾਰੀ ਦਿੱਤੀ ਜਾਵੇ। ਕਾਨੂੰਨੀ ਤੌਰ 'ਤੇ ਵਾਰਿਸਾਂ ਨੂੰ ਕੈਸ਼ਲੈੱਸ ਮੈਡੀਕਲ ਸਹੂਲਤ ਪ੍ਰਦਾਨ ਕਰਨਾ ਤੇ ਪਰਵਾਰਾਂ ਦੇ ਬੇਰੁਜ਼ਗਾਰ ਬੱਚਿਆਂ ਨੂੰ ਨੌਕਰੀਆਂ ਅਤੇ ਪੈਨਸ਼ਨ ਦੀ ਸੁਵਿਧਾ ਦਿੱਤੀ ਜਾਣੀ ਚਾਹੀਦੀ ਹੈ।

ਕਾਤਰਾਂ

ਪੰਜਾਬੀ ਕਵਿਤਾ ਅੰਦਰ ਨਵਾਂ ਅਧਿਆਏ ਲਿਖ ਗਿਆ ਸੁਰਜੀਤ ਪਾਤਰ : ਪਵਨ ਹਰਚੰਦਪੁਰੀ

ਧੂਰੀ (ਸੁਖਦੇਵ ਧੂਰੀ)-ਕੇਂਦਰੀ ਪੰਜਾਬੀ ਲੇਖਕ ਸਭਾ (ਸੋਖੋਂ) ਰਜਿ: ਦੇ ਪ੍ਰਧਾਨ ਪਵਨ ਹਰਚੰਦਪੁਰੀ ਨੇ ਦੱਸਿਆ ਕਿ ਸੁਰਜੀਤ ਪਾਤਰ ਪੰਜਾਬੀ ਕਵਿਤਾ ਦਾ ਨਿਵੇਕਲਾ ਹਸਤਾਖਰ ਸੀ। ਉਸਦੀ ਪਾਈ ਰਵਾਇਤ ਨੇ ਪੰਜਾਬੀ ਕਵਿਤਾ ਦੇ ਮੁਹਾਵਰੇ ਨੂੰ ਬਦਲ ਦਿੱਤਾ। ਉਨ੍ਹਾਂ ਦੀ ਮਾਨਵਵਾਦੀ ਤੇ ਪ੍ਰਗਤੀਵਾਦੀ ਦ੍ਰਿਸ਼ਟੀ ਤੋਂ ਲਿਖੀ ਕਵਿਤਾ ਸਭ ਹਲਕਿਆਂ ਵਿੱਚ ਮਕਬੂਲ ਹੋਈ। ਉਸ ਨੇ ਕਵਿਤਾ ਅੰਦਰ ਨਵੇਂ ਆਯਾਮ ਸਿਰਜੇ ਤੇ ਸ਼੍ਰੋਮਣੀ ਕਵੀ ਬਣਨ ਵਿੱਚ ਮਕਬੂਲੀਅਤ ਹਾਸਲ ਕੀਤੀ। ਇਸ ਸ਼ਖ਼ਸੀਅਤ ਦਾ ਵਿਛੋੜਾ ਦੁਨੀਆ ਦੇ ਪੰਜਾਬੀਆਂ ਲਈ ਅਸਹਿ ਹੈ। ਸ੍ਰੀ ਹਰਚੰਦਪੁਰੀ ਤੋਂ ਇਲਾਵਾ ਸਭਾ ਦੇ ਹੋਰ ਆਗੂਆਂ ਜਿਨਾਂ ਵਿੱਚ ਡਾਕਟਰ ਜੋਗਿੰਦਰ ਸਿੰਘ ਨਿਰਾਲਾ, ਗੁਰਚਰਨ ਕੌਰ ਕੋਚਰ, ਭੁਪਿੰਦਰ ਜਗਰਾਓਂ, ਪ੍ਰੋਫੈਸਰ ਸੰਧੂ ਵਰਿਆਣਵੀ, ਭਗਵੰਤ ਸਿੰਘ ਸੰਗਰੂਰ, ਬਲਦੇਵ ਸਿੰਘ ਬੱਧਣ, ਇਕਬਾਲ ਘਾਰੂ, ਭੁਪਿੰਦਰ ਸੰਧੂ, ਕੰਵਰ ਜਸਮਿੰਦਰਪਾਲ ਸਿੰਘ, ਲਖਵਿੰਦਰ ਸਿੰਘ ਬਾਜਵਾ, ਗੁਲਜ਼ਾਰ ਸਿੰਘ ਸ਼ੌਕੀ, ਸੁਦਰਸ਼ਨ ਗਾਸੋ, ਪ੍ਰਿੰਸੀਪਲ ਗੁਰਜੰਟ ਸਿੰਘ, ਜੁਗਰਾਜ ਧੌਲਾ ਵੱਲੋਂ ਪਾਤਰ ਦੀ ਮੌਤ ਉੱਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

ਰਿਸ਼ਤੇ ਸੂਰਜਮੁਖੀ ਦੇ ਫੁੱਲ ਵਰਗੇ ਹੁੰਦੇ : ਬੀ ਕੇ ਸਾਂਤਨੂੰ

ਜੈਤੋ (ਸਤੀਸ਼ ਕੁਮਾਰ ਭੀਰੀ)-ਮਾਊਂਟ ਆਬੂ ਈਸ਼ਵਰੀਆ ਵਿਸ਼ਵਵਿਦਿਆਲਿਆ ਦੇ ਰਾਸ਼ਟਰੀ ਮੀਡੀਆ ਇੰਚਾਰਜ ਬੀ ਕੇ ਸਾਂਤਨੂੰ ਨੇ ਕਿਹਾ ਕਿ ਰਿਸ਼ਤੇ ਸੂਰਜਮੁਖੀ ਦੇ ਫੁੱਲਾਂ ਵਰਗੇ ਹੁੰਦੇ ਹਨ, ਜਿੱਥੋਂ ਵੀ ਪਿਆਰ ਮਿਲਦਾ ਹੈ, ਉਧਰ ਹੀ ਮੂੰਹ ਮੋੜ ਲੈਂਦੇ ਹਨ। ਸਾਂਤਨੂੰ ਨੇ ਕਿਹਾ ਕਿ ਖੰਡ ਨੂੰ ਭਾਵੇਂ ਹਨੇਰੇ ਵਿੱਚ ਖਾਓ ਜਾਂ ਰੋਸ਼ਨੀ ਵਿੱਚ ਮੂੰਹ ਮਿੱਠਾ ਹੀ ਹੁੰਦਾ ਹੈ। ਉਸੇ ਤਰ੍ਹਾਂ ਚੰਗੇ ਕੰਮਾਂ ਨੂੰ ਅਸੀਂ ਚਾਹੀਏ ਅਨਜਾਣੇ ਵਿੱਚ ਵੀ ਕਰੀਏ ਤਾਂ ਵੀ ਉਸਦਾ ਫ਼ਲ ਮਿੱਠਾ ਹੀ ਹੋਵੇਗਾ। ਉਨ੍ਹਾਂ ਅੱਗੇ ਕਿਹਾ ਕਿ ਸਮਾਂ, ਸੱਤਾ, ਸੰਪਤੀ ਤੇ ਸਰੀਰ ਚਾਹੇ ਸਾਥ ਦੇਵੇ ਨਾ ਦੇਵੇ, ਪਰ ਤੁਹਾਡਾ ਸੁਭਾਅ, ਸਮਝਦਾਰੀ ਤੇ ਸੱਚੇ ਸਬੰਧ ਸਦਾ ਸਾਥ ਦਿੰਦੇ ਹਨ।

ਡਾ. ਸੁਰਜੀਤ ਪਾਤਰ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਭੀਖੀ (ਧਰਮਵੀਰ ਸ਼ਰਮਾ)-ਨਵਯੁਗ ਸਾਹਿਤ ਕਲਾ ਮੰਚ ਭੀਖੀ ਵੱਲੋਂ ਪੰਜਾਬੀ ਦੇ ਉੱਘੇ ਕਵੀ ਪਦਮ ਸ੍ਰੀ ਡਾ. ਸੁਰਜੀਤ ਪਾਤਰ ਦੀ ਬੇਵਕਤੀ ਮੌਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਨਵਯੁਗ ਸਾਹਿਤ ਕਲਾ ਮੰਚ ਦੇ ਪ੍ਰਧਾਨ ਕਹਾਣੀਕਾਰ ਭੁਪਿੰਦਰ ਫੌਜੀ ਤੇ ਸਰਪ੍ਰਸਤ ਸ਼ਾਇਰ ਸਤਪਾਲ ਭੀਖੀ ਨੇ ਕਿਹਾ ਕਿ ਡਾ. ਸੁਰਜੀਤ ਪਾਤਰ ਦੀ ਮੌਤ ਨਾਲ ਪੰਜਾਬੀ ਸਾਹਿਤ ਜਗਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੀ ਮੌਤ 'ਤੇ ਮੰਚ ਦੇ ਸਰਪ੍ਰਸਤ ਐੱਸ.ਡੀ.ਓ. ਰਜਿੰਦਰ ਸਿੰਘ ਰੋਹੀ, ਸਕੱਤਰ ਐੱਸ ਅਮਰੀਕ ਭੀਖੀ, ਗੁਰਿੰਦਰ ਔਲਖ, ਬਲਦੇਵ ਸਿੰਘ ਸਿੱਧੂ, ਡੀ.ਪੀ. ਜਿੰਦਲ, ਕਾ. ਗੁਰਨਾਮ ਭੀਖੀ. ਧਰਮਪਾਲ ਨੀਟਾ ਤੋਂ ਇਲਾਵਾ ਤਰਕਸ਼ੀਲ ਸੁਸਾਇਟੀ ਦੇ ਭਰਪੂਰ ਮੰਨਣ, ਧਰਮਵੀਰ ਸ਼ਰਮਾ, ਹਰਮੇਸ਼ ਭੋਲਾ, ਜਸਪਾਲ ਅਤਲਾ ਨੇ ਵੀ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

ਆਵਾਰਾ ਕੁੱਤਿਆਂ ਨੇ ਔਰਤ ਨੂੰ ਕੀਤਾ ਗੰਭੀਰ ਜ਼ਖਮੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਤਹਿਸੀਲ ਬਸੀ ਪਠਾਣਾਂ ਦੇ ਪਿੰਡ ਅਬਦੁੱਲਾਪੁਰ ਵਿਖੇ ਆਵਾਰਾ ਕੁੱਤਿਆਂ ਦੇ ਝੁੰਡ ਵੱਲੋਂ ਇੱਕ ਔਰਤ ਨੂੰ ਗੰਭੀਰ ਜ਼ਖ਼ਮੀ ਕਰ ਦੇਣ ਦਾ ਸਮਾਚਾਰ ਹੈ। ਬਲਵਿੰਦਰ ਕੌਰ ਵਾਸੀ ਪਿੰਡ ਅਬਦੁੱਲਾਪੁਰ ਖੇਤਾਂ 'ਚੋਂ ਘਰ ਨੂੰ

13-MAY-PAGE-8.qxd 5/12/2024 10:39 PM Page 1

ਕੇਜਰੀਵਾਲ ਦੀ ਰਿਹਾਈ 'ਤੇ ਨਕੋਦਰ 'ਚ ਮਨਾਇਆ ਜਸ਼ਨ

ਨਕੋਦਰ (ਮਨਜੀਤ ਮਾਨ)- ਸੁਪਰੀਮ ਕੋਰਟ ਵਲੋਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦਿੰਤੇ ਜਾਣ ਤੋਂ ਬਾਅਦ ਜਿੱਥੇ ਉਨ੍ਹਾਂ ਦੇ ਸਮਰਥਕਾਂ ਵਿੱਚ ਜਸ਼ਨ ਦਾ ਮਾਹੌਲ ਸੀ, ਉੱਥੇ ਹੀ ਸ਼ਨੀਵਾਰ ਆਮ ਆਦਮੀ ਪਾਰਟੀ ਦੇ ਦਫਤਰ 'ਚ ਹਲਕਾ ਨਕੋਦਰ ਦੇ ਐਮ ਐਲ ਏ ਇੰਦਰਜੀਤ ਕੌਰ ਮਾਨ ਦੀ ਅਗਵਾਈ 'ਚ ਜਸ਼ਨ ਮਨਾਇਆ ਗਿਆ ਤੇ ਲੱਡੂ ਵੰਡੇ ਗਏ। ਇਸ ਮੌਕੇ ਇੰਦਰਜੀਤ ਕੌਰ ਮਾਨ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਆਖਿਆ ਕਿ ਸੁਪਰੀਮ ਕੋਰਟ ਨੇ ਅਰਵਿੰਦ ਕੇਜਰੀਵਾਲ ਨੂੰ ਜ਼ਮਾਨਤ ਦੇ ਦਿੱਤੀ ਹੈ। ਇਹ ਆਮ ਲੋਕਾਂ ਦੀ ਜਿੱਤ ਹੈ। ਕੇਂਦਰ ਸਰਕਾਰ ਦੇ ਦਬਾਅ ਹੇਠਾਂ ਆ ਕੇ ਈ ਡੀ ਨੇ ਚੋਣਾਂ ਤੋਂ ਪਹਿਲਾਂ ਅਰਵਿੰਦ ਕੇਜਰੀਵਾਲ ਨੂੰ ਗ੍ਰਿਫਤਾਰ ਕਰਕੇ ਵਿਰੋਧੀ ਧਿਰ ਨੂੰ ਜਾਣਬੁੱਝ ਕੇ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਤੇ ਤਾਨਾਸ਼ਾਹੀ ਵਾਲੇ ਪਾਸੇ ਕਰ ਦਿੱਤਾ ਗਿਆ।ਪਰ ਸੁਪਰੀਮ ਕੋਰਟ ਜਸਟਿਸ ਵੱਲੋਂ ਵਿਰੋਧੀਆਂ ਦੇ ਇਨ੍ਹਾਂ ਯਤਨਾਂ ਨੂੰ ਨਾਕਾਮ ਕਰ ਦਿੱਤਾ ਹੈ। ਮੈਡਮ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੂੰ ਦੇਸ਼ ਦੀ ਨਿਆਂ ਪ੍ਰਣਾਲੀ 'ਤੇ ਪੂਰਾ ਯਕੀਨ ਸੀ। ਇਸ ਨਾਲ ਆਮ ਆਦਮੀ ਪਾਰਟੀ ਨੂੰ ਬੜਾ ਵੱਡਾ ਉਤਸ਼ਾਹ ਮਿਲੇਗਾ ਅਤੇ ਕਈ ਗੁਣਾ ਵੱਧ ਆਮ ਆਦਮੀ ਪਾਰਟੀ ਆਉਣ ਵਾਲੀ ਚੋਣ ਦਾ ਪ੍ਰਚਾਰ ਕਰੇਗੀ ਅਤੇ 13-0 ਨਾਲ ਜਿੱਤ ਪ੍ਰਾਪਤ ਕਰਾਂਗੇ। ਜਲਦੀ ਹੀ ਅਰਵਿੰਦ ਕੇਜਰੀਵਾਲ ਪੰਜਾਬ 'ਚ ਚੋਣ ਪ੍ਰਚਾਰ ਕਰਨ ਲਈ ਆਉਣਗੇ। ਇਸ ਮੌਕੇ ਆਮ ਆਦਮੀ ਪਾਰਟੀ ਦੀ ਪੂਰੀ ਟੀਮ ਸ਼ਾਂਤੀ ਸਰੂਪ ਸਟੇਟ ਜੁਆਇੰਟ ਸੈਕਟਰੀ ਐਸ ਸੀ ਐਸ ਟੀ ਵਿੰਗ, ਬਲਦੇਵ ਸਿੰਘ ਸਹੋਤਾ ਬਲਾਕ ਪ੍ਰਧਾਨ, ਜਸਵੀਰ ਧੰਜਲ ਬਲਾਕ ਪ੍ਰਧਾਨ, ਮਨੀ ਮਹਿੰਦਰੂ ਯੂਥ ਵਿੰਗ ਪ੍ਰਧਾਨ ਨਕੋਦਰ ਸਿਟੀ, ਲਾਲ ਸਿੰਘ, ਬੋਬੀ ਭੱਟੀ, ਸੋਹਨ ਲਾਲ ਬਲਾਕ ਪ੍ਰਧਾਨ, ਨਰੇਸ਼ ਕੁਮਾਰ ਸੀਨੀਅਰ ਆਗੂ, ਡਾਕਟਰ ਜੀਵਨ ਸਹੋਤਾ, ਪਵਨ ਕੁਮਾਰ ਗਿੱਲ, ਮਿੰਟੂ ਧੀਰ, ਮੰਗਤ ਰਾਮ, ਸੁਖਵਿੰਦਰ ਗੜਵਾਲ, ਬਲਾਕ ਪ੍ਰਭਾਰੀ, ਹਿਮਾਂਸ਼ੂ ਜੈਨ ਵਾਈਸ ਪ੍ਰਧਾਨ ਜ਼ਿਲ੍ਹਾ ਟਰੇਡ ਵਿੰਗ, ਸਾਬੀ ਧਾਲੀਵਾਲ, ਸੰਜੀਵ ਅਹੂਜਾ ਵਾਈਸ ਪ੍ਰਧਾਨ ਜ਼ਿਲ੍ਹਾ ਟਰੇਡ ਵਿੰਗ, ਲਖਵੀਰ ਕੌਰ ਸੰਘੇੜਾ ਮਹਿਲਾ ਜੁਆਇੰਟ ਸੈਕਟਰੀ ਪੰਜਾਬ, ਸੰਜੀਵ ਟੱਕਰ, ਅਮਿਤ ਅਹੂਜਾ, ਬੌਬੀ ਸ਼ਰਮਾ, ਕਰਨ ਸ਼ਰਮਾ, ਜਗਰੂਪ ਸਿੰਘ ਹਲਕਾ ਕੋਆਰਡੀਨੇਟਰ ਲੀਗਲ ਸੈਲ, ਅਸ਼ੀਸ ਗੁਪਤਾ, ਗੁਰਿੰਦਰ ਸਿੰਘ ਕਲਸੀ, ਰਾਧੇ ਅਤੇ ਵਿੱਕੀ ਭਗਤ, ਨਰਿੰਦਰ ਸ਼ਰਮਾ ਸੀਨੀਅਰ ਆਗੂ, ਵਿਕਰਮ ਮਹੱਲਾ ਸਰਾਂ, ਨੀਲਮ ਸ਼ਰਮਾ, ਸੰਜੇ ਕਪਾਣੀਆਂ, ਬਰਜੇਸ਼ ਕਪਾਣੀਆਂ ਆਦਿ ਹਾਜ਼ਰ ਸਨ ।

ਆਵਾਜ਼ੀ ਪ੍ਰਦੂਸ਼ਣ ਸੰਬੰਧੀ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਹੁਕਮ ਜਾਰੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਜ਼ਿਲਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 (1973 ਐਕਟ ਨੰ: 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜਾਰੀ ਕੀਤੇ ਹੁਕਮ ਅਨੁਸਾਰ ਜ਼ਿਲ੍ਹੇ ਵਿਚ ਕੋਈ ਵੀ ਆਵਾਜ਼ੀ ਪ੍ਰਦੂਸ਼ਣ/ਜ਼ਿਆਦਾ ਸ਼ੋਰ ਕਰਨ ਵਾਲੇ ਯੰਤਰਾਂ, ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦੇ ਆਵਾਜ਼ੀ ਪ੍ਰਦੂਸ਼ਣ, ਸ਼ੋਰ, ਧਮਕ ਪੈਦਾ ਕਰਨ ਯੋਗ ਅਤੇ ਕਿਸੇ ਵੀ ਤਰ੍ਹਾਂ ਦੇ ਪਟਾਕਿਆਂ ਅਤੇ ਆਤਿਸ਼ਬਾਜ਼ੀ ਚਲਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ।ਇਹ ਪਾਬੰਦੀ ਕੇਵਲ ਰੰਗ ਪੈਦਾ ਕਰਨ ਵਾਲੇ ਪਟਾਕਿਆਂ ਅਤੇ ਫੁਲਝੜੀਆਂ 'ਤੇ ਲਾਗੂ ਨਹੀਂ ਹੋਵੇਗੀ। ਇਸੇ ਤਰ੍ਹਾਂ ਗੱਡੀਆਂ ਆਦਿ ਵਿੱਚ ਕਿਸੇ ਤਰ੍ਹਾਂ ਦੇ ਪ੍ਰੈਸ਼ਰ ਹਾਰਨ, ਵੱਖ-ਵੱਖ ਸੰਗੀਤ ਵਾਲੇ ਅਤੇ ਕਿਸੇ ਤਰ੍ਹਾਂ ਦਾ ਆਵਾਜ਼ੀ ਪ੍ਰਦੂਸ਼ਣ, ਸ਼ੋਰ, ਧਮਕ, ਜ਼ਿਆਦਾ ਆਵਾਜ਼ ਪੈਦਾ ਕਰਨ ਵਾਲੇ ਹਾਰਨ ਨੂੰ ਵਜਾਉਣ 'ਤੇ ਵੀ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ। ਸਿਰਫ ਸਰਕਾਰ ਵਲੋਂ ਨਿਰਧਾਰਤ ਕੀਤੇ ਗਏ ਹਾਰਨ ਜੋ ਆਵਾਜ਼ੀ ਪ੍ਰਦੂਸ਼ਣ ਤੋਂ ਰਹਿਤ ਹੋਣ, ਹੀ ਨਿਰਧਾਰਤ ਆਵਾਜ਼ ਵਿਚ ਵਜਾਏ ਜਾ ਸਕਦੇ ਹਨ।ਇਸ ਤੋਂ ਇਲਾਵਾ ਕਿਸੇ ਵੀ ਗੈਰ ਸਰਕਾਰੀ ਇਮਾਰਤਾਂ, ਵਪਾਰਕ ਦੁਕਾਨਾਂ, ਜਨਤਕ ਥਾਵਾਂ, ਸਿਨੇਮਿਆਂ, ਮਾਲਜ਼, ਹੋਟਲ, ਰੈਸਟੋਰੈਂਟ ਅਤੇ ਮੇਲਿਆਂ ਆਦਿ ਵਿਚ ਉੱਚੀ ਆਵਾਜ਼ ਅਤੇ ਧਮਕ ਪੈਦਾ ਕਰਨ ਵਾਲੇ ਮਿਊਜ਼ਿਕ ਅਤੇ ਅਸ਼ਲੀਲ ਗੀਤ ਚਲਾਏ ਜਾਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੈ। ਸਾਇਲੈਂਸ ਜ਼ੋਨ ਜਿਵੇਂ ਮੰਤਰਾਲਾ, ਜੰਗਲਾਤ, ਹਸਪਤਾਲਾਂ, ਵਿੱਦਿਅਕ ਸੰਸਥਾਵਾਂ, ਅਦਾਲਤਾਂ, ਧਾਰਮਿਕ ਸੰਸਥਾਵਾਂ ਜਾਂ ਕੋਈ ਇਲਾਕਾ ਜਿਹੜਾ ਕਿ ਸਮਰੱਥ ਅਧਿਕਾਰੀ ਵਲੋਂ ਸਾਇਲੈਂਸ ਜ਼ੋਨ ਐਲਾਨਿਆ ਗਿਆ ਹੋਵੇ, ਦੇ 100 ਮੀਟਰ ਦੇ ਘੇਰੇ ਅੰਦਰ ਆਤਿਸ਼ਬਾਜ਼ੀ/ਪਟਾਕਿਆਂ/ਲਾਊਡ ਸਪੀਕਰਾਂ/ਪ੍ਰੈਸ਼ਰ ਹਾਰਨਾਂ ਅਤੇ ਸ਼ੋਰ ਪੈਦਾ ਕਰਨ ਵਾਲੇ ਯੰਤਰਾਂ ਦੇ ਚਲਾਉਣ/ਲਗਾਉਣ 'ਤੇ ਪੂਰਨ ਪਾਬੰਦੀ ਹੋਵੇਗੀ। ਇਸੇ ਤਰ੍ਹਾਂ ਖਾਸ ਹਾਲਤਾਂ ਅਤੇ ਮੌਕਿਆਂ ਸਮੇਂ ਪ੍ਰਬੰਧਕ, ਧਾਰਮਿਕ ਸਥਾਨਾਂ/ਪੰਡਾਲਾਂ ਵਿਚ ਲਾਊਡ ਸਪੀਕਰ ਅਤੇ ਅਧਿਕਾਰਤ ਮੈਰਿਜ ਪੈਲਸਾਂ ਵਿਚ ਡੀ ਜੇ/ਆਰਕੈਸਟਰਾ, ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਪੰਜਾਬ ਇੰਸਟਰੂਮੈਂਟਸ (ਕੰਟਰੋਲ ਆਫ ਨੋਆਇਸ) ਐਕਟ 1956 ਵਿਚ ਦਰਜ ਸ਼ਰਤਾਂ ਸਹਿਤ ਲਿਖਤੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਚਲਾਉਣਗੇ।ਸਬੰਧਤ ਉਪ ਮੰਡਲ ਮੈਜਿਸਟਰੇਟ ਪਾਸੋਂ ਲੋੜੀਂਦੀ ਪ੍ਰਵਾਨਗੀ ਲੈਣ ਦੇ ਬਾਵਜੂਦ ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਿਸੇ ਵਲੋਂ ਵੀ ਕਿਸੇ ਵੀ ਥਾਂ 'ਤੇ ਚਲਾਏ ਜਾ ਰਹੇ ਲਾਊਡ ਸਪੀਕਰਾਂ/ਡੀ ਜੇ/ਸੰਗੀਤਕ ਯੰਤਰ/ਐਡਰੈਸ ਸਿਸਟਮ ਆਦਿ ਦੀ ਆਵਾਜ਼ ਸੀਮਾ ਸਬੰਧਤ ਜਗ੍ਹਾ ਦੇ ਆਵਾਜ਼ੀ ਸਟੈਂਡਰਡ ਸੀਮਾ ਨਿਸਚਿਤ ਕੀਤੀ ਗਈ ਹੈ, ਜਿਸ ਤਹਿਤ ਉਦਯੋਗਿਕ ਅਦਾਰਿਆਂ ਵਿੱਚ ਦਿਨ ਵੇਲੇ 75 ਡੀ ਬੀ (ਏ) ਅਤੇ ਰਾਤ ਸਮੇਂ 70 ਡੀ ਬੀ (ਏ), ਕਮਰਸ਼ੀਅਲ ਏਰੀਏ ਵਿੱਚ ਦਿਨ ਵੇਲੇ 65 ਅਤੇ ਰਾਤ ਸਮੇਂ 55, ਰਿਹਾਇਸ਼ੀ ਏਰੀਏ ਵਿੱਚ ਦਿਨ ਵੇਲੇ 55 ਅਤੇ ਰਾਤ ਸਮੇਂ 45 ਅਤੇ ਸਾਈਲੈਂਸ ਜ਼ੋਨ ਵਿੱਚ ਦਿਨ ਵੇਲੇ 50 ਡੀ ਬੀ (ਏ) ਅਤੇ ਰਾਤ ਸਮੇਂ 40 ਡੀ ਬੀ (ਏ) ਤੋਂ ਵੱਧ ਨਹੀਂ ਹੋਵੇਗੀ। ਇਸ ਪਾਬੰਦੀ ਦਾ ਦਿਨ ਦੇ ਸਮੇਂ ਦਾ ਮਤਲਬ ਸਵੇਰੇ 6-00 ਵਜੇ ਤੋਂ ਰਾਤ 10-00 ਵਜੇ ਤੱਕ ਹੈ। ਇਹ ਹੁਕਮ ਸਰਕਾਰੀ ਮਸ਼ੀਨਰੀ ਅਤੇ ਐਮਰਜੈਂਸੀ ਦੀ ਸਥਿਤੀ ਵਿਚ ਲਾਗੂ ਨਹੀਂ ਹੋਵੇਗਾ।ਇਹ ਹੁਕਮ 8 ਜੁਲਾਈ ਤੱਕ ਲਾਗੂ ਰਹਿਣਗੇ।

ਰਾਸ਼ਟਰੀ ਸੇਵਾ ਯੋਜਨਾ ਦੇ ਵਲੰਟੀਅਰਜ਼ ਵੱਲੋਂ ਵੋਟਰ ਜਾਗਰੂਕਤਾ ਮੁਹਿੰਮ ਨੂੰ ਭਰਵਾਂ ਹੁੰਗਾਰਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)—ਰਾਸ਼ਟਰੀ ਸੇਵਾ ਯੋਜਨਾ (ਐਨ ਐਸ ਐਸ) ਦੇ ਵਲੰਟੀਅਰਜ਼ ਨੇ ਵੋਟਰ ਜਾਗਰੂਕਤਾ ਮੁਹਿੰਮ ਵਿੱਚ ਆਪਣੇ ਉਤਸ਼ਾਹ ਨਾਲ ਨਵੀਂ ਰੂਹ ਫੂਕ ਦਿੱਤੀ। ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਵਿਚ ਘਰ-ਘਰ ਇੱਕ ਜੂਨ ਨੂੰ ਵੋਟ ਪਾਉਣ ਦਾ ਸੁਨੇਹਾ ਯਕੀਨੀ ਤੌਰ 'ਤੇ ਪਹੁੰਚਾਉਣ ਲਈ ਨਵੇਂ-ਨਵੇਂ ਉਪਰਾਲੇ ਕੀਤੇ ਜਾ ਰਹੇ ਹਨ। ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਹਾਇਕ ਰਿਟਰਨਿੰਗ ਅਫ਼ਸਰ ਕਮ ਉਪ ਮੰਡਲ ਅਫਸਰ ਦੀਪਾਂਕਰ ਗਰਗ ਦੇ ਯਤਨਾਂ ਸਦਕਾ ਸਕੂਲ ਆਫ ਐਮੀਨੈਂਸ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ 3 ਬੀ 1 ਸ਼ਹਿਬਜ਼ਾਦਾ ਅਜੀਤ ਸਿੰਘ ਨਗਰ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫੇਜ 5 ਦੇ ਰਾਸ਼ਟਰੀ ਸੇਵਾ ਯੋਜਨਾ ਦੇ ਵਲੰਟੀਅਰਜ਼ ਨੇ ਜਨਤਾ ਮਾਰਕੀਟ, ਫੇਜ 3ਬੀ 2 ਮੁਹਾਲੀ ਵਿੱਚ ਵੋਟਰ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ। ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਦੱਸਿਆ ਕਿ ਪ੍ਰਿੰਸੀਪਲ ਸ਼ਲਿੰਦਰ ਸਿੰਘ ਅਤੇ ਕੋਰ ਕਮੇਟੀ ਮੈਂਬਰ ਮਿਤੇਸ਼ ਮੁਕੇਸ਼ ਜੌਹਰ ਦੀ ਅਗਵਾਈ ਵਿਚ ਜਿੱਥੇ ਫੇਜ ਪੰਜ ਦੀਆਂ ਵਲੰਟੀਅਰਾਂ ਨੇ ਗਿੱਧਾ ਪੇਸ਼ ਕੀਤਾ, ਉੱਥੇ ਰਾਸ਼ਟਰੀ ਸੇਵਾ ਯੋਜਨਾ ਦੇ ਵਲੰਟੀਅਰ ਨੇ ਫੇਜ 3 ਬੀ 2 ਦੀ ਮਾਰਕੀਟ ਵਿਚ ਕਾਰਾਂ ਤੇ ਸਟਿੱਕਰ ਲਾਏ ਅਤੇ ਜਨਤਾ ਮਾਰਕੀਟ ਵਿਚ ਨੁੱਕੜ ਨਾਟਕ ਟੀਮ ਵੱਲੋਂ ਡਫਲੀ ਵਜਾਉਂਦੇ ਹੋਏ ਵੋਟ ਪਾਉਣ ਦਾ ਸੁਨੇਹਾ ਦਿੱਤਾ।ਜ਼ਿਲ੍ਹਾ ਨੋਡਲ ਅਫਸਰ ਸਵੀਪ ਪ੍ਰੋ ਗੁਰਬਖਸ਼ੀਸ਼ ਸਿੰਘ ਅਨਟਾਲ ਨੇ ਮਾਰਕੀਟ ਵਿਚ ਲੋਕਾਂ ਨੂੰ ਵੋਟ ਪਾਉਣ ਦੀ ਅਪੀਲ ਕਰਨ ਮੌਕੇ ਗਰਮੀ ਦੀ ਤਪਿਸ਼ ਤੋਂ ਬਚਣ ਲਈ ਜ਼ਿਲ੍ਹਾ ਚੋਣ ਅਫ਼ਸਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਸਬੰਧੀ ਵੀ ਜਾਣਕਾਰੀ ਸਾਂਝੀ ਕੀਤੀ।

ਕਾਰਪੋਰੇਟ ਪੱਖੀ ਫਿਰਕੂ ਫਾਸ਼ੀਵਾਦੀਆਂ ਨੂੰ ਹਰਾਓ ਤੇ ਦੇਸ਼ ਬਚਾਓ : ਪਾਸਲਾ

ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)- ਜਰਨੈਲ ਸਿੰਘ ਘਨੌਲਾ, ਮਾਸਟਰ ਛੋਟੂ ਰਾਮ ਜੱਟਪੁਰ, ਦਰਸ਼ਨ ਸਿੰਘ ਬੜੂਵਾ ਦੀ ਪ੍ਰਧਾਨਗੀ ਹੇਠ ਨੂਰਪੁਰ ਬੇਦੀ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਆਰ.ਐਮ.ਪੀ.ਆਈ ਦੇ ਕੁੱਲ ਹਿੰਦ ਜਨਰਲ ਸਕੱਤਰ ਸਾਥੀ ਮੰਗਤ ਰਾਮ ਪਾਸਲਾ ਹਾਜ਼ਰ ਹੋਏ। ਇਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਸਾਥੀ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਸਰਮਾਏਦਾਰੀ ਪ੍ਰਬੰਧ ਜਿਹੜਾ ਕਿਰਤੀ ਕਿਸਾਨਾਂ ਦੀ ਲੁੱਟ ਕਰਕੇ ਇਕੱਤਰ ਕੀਤੇ ਪੂੰਜੀ ਦੇ ਭੰਡਾਰਾਂ ਹੋਰ ਜਰਬ ਦੇਣ ਲਈ ਮਿਹਨਤਕਸ਼ਾਂ ਦੀ ਰਹਿੰਦੀ ਖੂੰਹਦੀ ਰੱਤ ਵੀ ਨਿਚੋੜ ਸੁੱਟਦਾ ਹੈ ਜੋ ਸ਼ਕਲ ਸੂਰਤ ਤੋਂ ਮਾਨਵ ਹੁੰਦਾ ਹੋਇਆ ਵੀ ਆਪਣੇ ਕਿਰਦਾਰ ਪੱਖੋਂ ਆਦਮਖੋਰ ਦਾਨਵ ਹੁੰਦਾ ਹੈ। ਇਹ ਆਪਣੇ ਲੋਕਾਂ ਦੇ ਬੋਲਣ, ਲਿਖਣ ਤੇ ਵਿਰੋਧ ਕਰਨ ਦੀ ਆਜ਼ਾਦੀ ਨੂੰ ਨਕਾਰਦਿਆਂ ਇੱਕ ਫਾਂਸ਼ੀਵਾਦੀ ਢਾਂਚਾ ਸਥਾਪਿਤ ਕਰਦਾ ਹੈ। ਜਦੋਂ ਤੋਂ ਭਾਜਪਾ ਸੱਤਾ ਵਿੱਚ ਆਈ ਹੈ ਇਸ ਨੇ ਸਮੂਹ ਮਿਹਨਤਕਸ਼ ਮਜ਼ਦੂਰਾਂ, ਕਿਸਾਨਾਂ, ਬੁੱਧੀਜੀਵੀਆਂ ਦੇ ਮੂਲ ਅਧਿਕਾਰਾਂ ਤੇ ਆਜ਼ਾਦੀਆਂ ਨੂੰ ਕੁਚਲਣਾ ਸ਼ੁਰੂ ਕੀਤਾ ਹੋਇਆ ਹੈ। ਇਸ ਨੇ ਮਜ਼ਦੂਰ ਜਮਾਤ ਤੇ ਕਿਸਾਨਾਂ ਦੇ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ ਟਰੇਡ ਯੂਨੀਅਨ ਤੇ ਜਮਹੂਰੀ ਅਧਿਕਾਰਾਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਹੋਇਆ ਹੈ। ਇਸ ਨੇ ਧਰਮ ਆਧਾਰਤ ਕੱਟੜ ਰਾਸ਼ਟਰ ਦੀ ਕਾਇਮੀ ਲਈ ਸਾਰੀਆਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਪਛੜੀਆਂ ਜਾਤੀਆਂ, ਔਰਤਾਂ ਅਤੇ ਅਗਾਂਹਵਧੂ ਵਿਚਾਰਾਂ ਵਾਲੇ ਲੋਕਾਂ ਉਤੇ ਜ਼ਾਲਮਾਨਾ ਹੱਲਾ ਬੋਲਿਆ ਹੋਇਆ ਹੈ। ਆਰ.ਐਮ.ਪੀ.ਆਈ ਨੇ ਫਿਰਕੂ ਫਾਸ਼ੀਵਾਦੀ ਤਾਕਤਾਂ ਨੂੰ ਭਾਂਜ ਦੇਣ ਲਈ ਪੰਜਾਬ ਅਤੇ ਭਾਰਤ ਅੰਦਰ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਨੂੰ ਹਮਾਇਤ ਦੇਣ ਦਾ ਫੈਸਲਾ ਕੀਤਾ ਹੈ। ਇਸ ਮੌਕੇ ਇਕੱਤਰ ਹੋਏ ਸੈਕੜੇ ਮੈਂਬਰਾਂ ਨੂੰ ਸੂਬਾ ਸਕੱਤਰੇਤ ਮੈਂਬਰ ਵੇਦ ਪ੍ਰਕਾਸ਼ ਸ਼ਰਮਾ ਤੇ ਜ਼ਿਲ੍ਹਾ ਸਕੱਤਰ ਮੋਹਨ ਸਿੰਘ ਧਮਾਣਾ ਨੇ ਲੋਕ ਸਭਾ ਦੀਆਂ ਚੋਣਾਂ ਅੰਦਰ ਪਾਰਟੀ ਮੈਂਬਰਾਂ ਨੂੰ ਇੰਡੀਆ ਗੱਠਜੋੜ ਦੇ ਉਮੀਦਵਾਰਾਂ ਨੂੰ ਜਤਾਉਣ ਲਈ ਆਪਣਾ ਬਣਦਾ ਯੋਗਦਾਨ ਪਾਉਣ ਦਾ ਸੁਨੇਹਾ ਦਿੱਤਾ।

ਵੁਡਬਰੀ ਇੰਟਰਨੈਸ਼ਨਲ ਸਕੂਲ 'ਚ ਮਨਾਇਆ ਰਾਸ਼ਟਰੀ ਤਕਨਾਲੋਜੀ ਦਿਵਸ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-ਵੁਡਬਰੀ ਇੰਟਰਨੈਸ਼ਨਲ ਪਬਲਿਕ ਸਕੂਲ ਭੋਗਪੁਰ ਵਿਖੇ ਚੇਅਰਪਰਸਨ ਮਿਸਿਜ਼ ਪਰਮਜੀਤ ਕੌਰ ਦੀ ਅਗਵਾਈ ਹੇਠ ਰਾਸ਼ਟਰੀ ਤਕਨਾਲੋਜੀ ਦਿਵਸ ਮਨਾਇਆ ਗਿਆ। ਇਸ ਮੌਕੇ ਅਧਿਆਪਕਾ ਸਲਿੰਦਰ ਕੌਰ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਕਿਹਾ ਕਿ ਭਾਰਤ ਹਰ ਸਾਲ 11 ਮਈ 1998 ਵਿੱਚ ਕੀਤੇ ਗਏ ਸਫਲ ਪ੍ਰਮਾਣੂ ਪ੍ਰੀਖਣ ਦੀ ਯਾਦ ਵਿੱਚ ਵਿਗਿਆਨ ਅਤੇ ਤਕਨਾਲੋਜੀ ਦੀਆਂ ਮਹੱਤਵਪੂਰਨ ਪ੍ਰਾਪਤੀਆਂ ਨੂੰ ਦਰਸਾਉਣ ਲਈ ਰਾਸ਼ਟਰੀ ਤਕਨਾਲੋਜੀ ਦਿਵਸ ਮਨਾਉਂਦਾ ਹੈ। ਇਸ ਦਾ ਉਦੇਸ਼ ਬੱਚਿਆਂ ਵਿੱਚ ਵਿਗਿਆਨਕ ਮਾਨਸਿਕਤਾ ਪੈਦਾ ਕਰਨਾ ਅਤੇ ਨੌਜਵਾਨ ਪੀੜ੍ਹੀ ਨੂੰ ਤਕਨਾਲੋਜੀ ਇੰਜੀਨੀਅਰ ਅਤੇ ਗਣਿਤ ਵਿੱਚ ਕਰੀਅਰ ਬਣਾਉਣ ਲਈ ਪ੍ਰੇਰਿਤ ਕਰਨਾ ਹੈ।

ਇਸ ਦੇ ਨਾਲ ਹੀ ਬੱਚਿਆਂ ਨੂੰ ਵਿਗਿਆਨ ਦੀ ਲੈਬ ਵਿੱਚ ਲਿਜਾ ਕੇ ਵਿਗਿਆਨਕ ਤਕਨਾਲੋਜੀ ਬਾਰੇ ਜਾਣਕਾਰੀ ਦਿੱਤੀ ਗਈ।

ਨਰਸਿੰਗ ਡੇਅ ਮਨਾਇਆ

ਕੁਰਾਲ਼ੀ (ਮੋਹਨ ਅਗਰਵਾਲ) — ਤਕਨੀਕੀ ਯੁੱਗ ਦੀਆਂ ਨਰਸਿੰਗ ਸੇਵਾਵਾਂ 'ਤੇ ਆਧਾਰਿਤ ਪ੍ਰਸਿੱਧ ਫਲੋਰੈਂਸ ਨਾਇਟਿੰਗੇਲ ਦਾ ਜਨਮ ਦਿਨ 12 ਮਈ, ਸੰਸਾਰ ਪੱਧਰ 'ਤੇ ਨਰਸਿੰਗ ਡੇਅ ਵਜੋਂ ਮਨਾਇਆ ਜਾਂਦਾ ਹੈ। ਇਸੇ ਦੇ ਚਲਦਿਆਂ ਸ਼ਮਸ਼ੇਰ ਸਿੰਘ ਦੀ ਯੋਗ ਅਗਵਾਈ ਵਿੱਚ ਸੇਵਾਵਾਂ ਨਿਭਾ ਰਹੀ ਸੰਸਥਾ ਪ੍ਰਭ ਆਸਰਾ ਪਡਿਆਲਾ ਅਧੀਨ ਚਲਦੇ ਚੈਰੀਟੇਬਲ ਹਸਪਤਾਲ ਕੁਰਾਲ਼ੀ ਵਿੱਚ ਨਰਸਿੰਗ ਡੇਅ ਮਨਾਇਆ ਗਿਆ। ਜਿੱਥੇ ਬੀਬੀ ਰਜਿੰਦਰ ਕੌਰ ਨੇ ਫਲ

13-MAY-PAGE-9.qxd 5/12/2024 10:37 PM Page 1

ਭਾਜਪਾ ਦੇ ਸੰਵਿਧਾਨ ਬਦਲਣ ਦੇ ਮਨਸੂਬੇ ਨੂੰ ਕਾਮਯਾਬ ਨਹੀਂ ਹੋਣ ਦਿਆਂਗੇ : ਚੰਨੀ

ਜਲੰਧਰ (ਸ਼ੈਲੀ ਐਲਬਰਟ, ਇਕਬਾਲ ਸਿੰਘ ਉਭੀ)-ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੱਲੋਂ ਨਾਮਜਦਗੀ ਪੱਤਰ ਦਾਖਲ ਕੀਤੇ ਗਏ । ਇਸ ਤੋਂ ਪਹਿਲਾ ਪੁੱਡਾ ਗਰਾਉਂਡ ਵਿੱਚ ਕਾਂਗਰਸ ਪਾਰਟੀ ਵੱਲੋਂ ਇੱਕ ਵੱਡੀ ਰੈਲੀ ਕੀਤੀ ਗਈ । ਜਿਸ ਦੌਰਾਨ ਹਜਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਤੇ ਇਨਾਂ ਠਾਂਠਾ ਮਾਰਦੇ ਹਜਾਰਾ ਲੋਕਾਂ ਦੇ ਇਕੱਠ ਨੇ ਚਰਨਜੀਤ ਸਿੰਘ ਚੰਨੀ ਦੀ ਵੱਡੀ ਜਿੱਤ ਦੇ ਸੰਕੇਤ ਦੇ ਦਿੱਤੇ।ਇਸ ਤੋਂ ਪਹਿਲਾਂ ਚਰਨਜੀਤ ਸਿੰਘ ਚੰਨੀ ਭਗਵਾਨ ਪਰਸ਼ੂਰਾਮ ਜੀ ਦੇ ਮੰਦਿਰ ਅਤੇ ਗੁਰਦੁਆਰਾ ਮਾਡਲ ਟਾਊਨ ਵਿਖੇ ਨਤਮਸਤਕ ਹੋਏ।ਇਸ ਦੌਰਾਨ ਪੰਜਾਬ ਵਿਧਾਨ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਪੰਜਾਬ ਕਾਂਗਰਸ ਦੇ ਪ੍ਰਭਾਰੀ ਹਰੀਸ਼ ਚੌਧਰੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।ਜਦ ਕਿ ਵਿਧਾਇਕ ਰਾਣਾ ਗੁਰਜੀਤ ਸਿੰਘ,ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ,ਪ੍ਰਗਟ ਸਿੰਘ,ਸੁਖਵਿੰਦਰ ਸਿੰਘ ਕੋਟਲੀ,ਬਾਵਾ ਹੈਨਰੀ,ਸਾਬਕਾ ਮੰਤਰੀ ਅਵਤਾਰ ਹੈਨਰੀ,ਸਾਬਕਾ ਵਿਧਾਇਕ ਰਜਿੰਦਰ ਸਿੰਘ ਬੇਰੀ,ਡਾ.ਨਵਜੋਤ ਦਾਹੀਆ ਅਤੇ ਸੇਵਾ ਮੁਕਤ ਐਸ.ਐਸ.ਪੀ ਰਜਿੰਦਰ ਸਿੰਘ ਵੱਡੇ ਕਾਫਲਿਆਂ ਦੇ ਨਾਲ ਇਸ ਰੈਲੀ ਵਿੱਚ ਪੁੱਜੇ।ਇਸ ਤੋਂ ਬਾਅਦ ਲੋਕਾਂ ਦੇ ਇੱਕ ਵੱਡੇ ਕਾਫਲੇ ਦੇ ਨਾਲ ਚਰਨਜੀਤ ਸਿੰਘ ਚੰਨੀ ਨਾਮਜਦਗੀ ਪੱਤਰ ਦਾਖਲ ਕਰਨ ਦੇ ਪੁੱਜੇ।ਕਾਂਗਰਸ ਪਾਰਟੀ ਵੱਲੋਂ ਕੀਤੀ ਗਈ ਰੈਲੀ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼ਟੇਜ ਤੋਂ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦਾ ਹੋਕਾ ਦਿੱਤਾ।ਚੰਨੀ ਨੇ ਕਿਹਾ ਕਿ ਅੱਜ ਦੇਸ਼ ਦੇ ਸੰਵਿਧਾਨ ਅਤੇ ਪੰਜਾਬ ਦੀ ਹੋਂਦ ਨੂੰ ਭਾਜਪਾ ਤੋਂ ਖਤਰਾ ਹੈ ਤੇ ਸਾਡਾ ਸੰਵਿਧਾਨ ਬਦਲਣ ਦੀਆ ਕੋਸ਼ੀਆਂ ਸਾਜਿਸ਼ਾਂ ਚੱਲ ਰਹੀਆਂ ਹਨ।ਉਨਾਂ ਕਿਹਾ ਕਿ ਜੇਕਰ ਭਾਜਪਾ ਦੁਬਾਰਾ ਸੱਤਾ 'ਤੇ ਕਾਬਜ ਹੁੰਦੀ ਹੈ ਤਾਂ ਇਹ ਸੰਵਿਧਾਨ ਨੂੰ ਬਦਲੇਗੀ ਤੇ ਭਾਜਪਾ ਸੰਵਿਧਾਨ ਬਦਲਕੇ ਬਾਬਾ ਭੀਮ ਰਾਉ ਅੰਬੇਦਗਰ ਜੀ ਦੇ ਨਾਂਅ ਅਤੇ ਉਨਾਂ ਦੀ ਸੋਚ ਖਤਮ ਕਰਨਾ ਚਾਹੁੰਦੀ ਹੈ ਪਰ ਅਸੀਂ ਇਹ ਹੋਣ ਨਹੀਂ ਦੇਣਾ ਜਿਸ ਕਰਕੇ ਭਾਜਪਾ ਨੂੰ ਕੇਂਦਰ ਵਿੱਚ ਸੱਤਾ 'ਤੇ ਕਾਬਜ ਹੋਣ ਤੋਂ ਰੋਕਣਾ ਬਹੁਤ ਜਰੂਰੀ ਤੇ ਇਨਾਂ ਦੇ ਮਨਸੂਬੇ ਕਾਮਿਯਾਬ ਨਹੀਂ ਹੋਣ ਦਿੱਤੇ ਜਾਣਗੇ।ਉਨਾਂ ਕਿਹਾ ਕਿ ਭਾਜਪਾ ਨੂੰ ਵੋਟ ਪਾਉਣਾ ਆਪਣੇ ਬੱਚਿਆਂ ਨੂੰ ਜਹਿਰ ਦੇਣ ਦੇ ਬਰਾਬਰ ਹੈ।ਉਨਾਂ ਕਿਹਾ ਕਿ ਡੇਰਾ ਸੱਚਖੰਡ ਬੱਲਾਂ ਨੂੰ ਸ਼੍ਰੀ ਗੁਰੂ ਰਵਿਦਾਸ ਜੀ ਦਾ ਅਧਿਐਨ ਸੈਂਟਰ ਖੋਲਣ ਲਈ ਉਨਾਂ ਨੇ 25 ਕਰੋੜ ਰੁਪਏ ਦਿੱਤੇ ਸਨ ਪਰ ਅੱਜ ਤੱਕ ਮੌਜੂਦਾ ਸਰਕਾਰ ਨੇ ਇੱਕ ਰੁਪਇਆ ਵੀ ਇਥੇ ਲੱਗਣ ਨਹੀਂ ਦਿੱਤਾ।ਉਨਾਂ ਕਿਹਾ ਕਿ ਜਲੰਧਰ ਦੇ ਲੋਕ ਇੱਕ ਤਰਫਾ ਹੋ ਕੇ ਉਨਾਂ ਦੇ ਨਾਲ ਜੁੜ ਰਹੇ ਹਨ।ਇਸ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ,ਪੰਜਾਬ ਕਾਂਗਰਸ ਦੇ ਪ੍ਰਭਾਰੀ ਹਰੀਸ਼ ਚੌਧਰੀ,ਵਿਧਾਇਕ ਰਾਣਾ ਗੁਰਜੀਤ ਸਿੰਘ,ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ,ਪ੍ਰਗਟ ਸਿੰਘ,ਸੁਖਵਿੰਦਰ ਸਿੰਘ ਕੋਟਲੀ,ਬਾਵਾ ਹੈਨਰੀ,ਸਾਬਕਾ ਮੰਤਰੀ ਅਵਤਾਰ ਹੈਨਰੀ,ਸਾਬਕਾ ਵਿਧਾਇਕ ਰਜਿੰਦਰ ਸਿੰਘ ਬੇਰੀ,ਡਾ.ਨਵਜੋਤ ਦਾਹੀਆ ਅਤੇ ਸੇਵਾ ਮੁਕਤ ਐਸ.ਐਸ.ਪੀ ਰਜਿੰਦਰ ਸਿੰਘ ਨੇ ਵੀ ਲੋਕਾਂ ਨੂੰ ਕਾਂਗਰਸ ਪਾਰਟੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੂੰ ਜਿਤਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਕਾਂਗਰਸ ਨੇ ਇੱਕ ਚੰਗੀ ਤੇ ਦੂਰਅੰਦੇਸ਼ੀ ਸੋਚ ਰੱਖਣ ਵਾਲਾ ਲੀਡਰ ਸਾਨੂੰ ਦਿੱਤਾ ਹੈ ਤੇ ਹੁਣ ਅਸੀਂ ਇਸ ਦੀ ਕਦਰ ਪਾ ਕੇ ਵੱਡੀ ਲੀਡ ਨੂੰ ਜਿਤਾ ਕੇ ਲੋਕ ਸਭਾ ਭੇਜੀਏ ਤਾਂ ਜੋ ਦੁਆਬੇ ਦੇ ਮਸਲੇ ਦੇਸ਼ ਦੀ ਲੋਕ ਵਿੱਚ ਹੱਲ ਹੋ ਸਕਣ।

ਕੌਮੀ ਲੋਕ ਅਦਾਲਤ ਦੌਰਾਨ 9850 ਕੇਸਾਂ ਦਾ ਨਿਪਟਾਰਾ ਕੀਤਾ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)- ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਵਲੋਂ ਭੇਜੇ ਗਏ ਪ੍ਰੋਗਰਾਮ ਅਨੁਸਾਰ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ, ਕਾਰਜਕਾਰੀ ਮੁੱਖ ਨਿਆਂਧੀਸ਼, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਮਾਨਯੋਗ ਜਸਟਿਸ ਅਨਿਲ ਖੇਤਰਪਾਲ, ਜੱਜ, ਪੰਜਾਬ ਅਤੇ ਹਰਿਆਣਾ ਹਾਈਕੋਰਟ ਅਤੇ ਐਡਮਿਨਿਸਟ੍ਰੇਟਿਵ ਜੱਜ, ਸੈਸ਼ਨਜ਼ ਡਵੀਜ਼ਨ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਦੀ ਸਰਪ੍ਰਸਤੀ ਅਤੇ ਅਤੁਲ ਕਸਾਨਾ, ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ, ਐਸ.ਏ.ਐਸ. ਨਗਰ ਦੀ ਅਗਵਾਈ ਵਿਚ ਕੌਮੀ ਲੋਕ ਅਦਾਲਤ ਦਾ ਆਯੋਜਨ ਕੀਤਾ ਗਿਆ। ਇਸ ਲੋਕ ਅਦਾਲਤ ਵਿਚ ਰਾਜੀਨਾਮਾ ਯੋਗ ਫੌਜਦਾਰੀ ਕੇਸ, ਚੈਕ ਬਾਊਂਸ ਕੇਸ, ਬੈਂਕ ਰਿਕਵਰੀ ਕੇਸ, ਵਿਵਾਹਿਕ ਝਗੜੇ, ਐਮ.ਏ.ਸੀ.ਟੀ ਕੇਸ, ਕਿਰਤ ਸਬੰਧੀ ਝਗੜੇ, ਲੈਂਡ ਐਕਿਉਜਿਸ਼ਨ ਕੇਸ, ਬਿਜਲੀ ਅਤੇ ਪਾਣੀ ਦੇ ਬਿਲਾਂ ਸਬੰਧੀ, ਮਾਲ ਵਿਭਾਗ ਨਾਲ ਸਬੰਧਤ ਅਤੇ ਹਰ ਤਰ੍ਹਾਂ ਦੇ ਦੀਵਾਨੀ ਕੇਸ ਨਿਪਟਾਰੇ ਲਈ ਰੱਖੇ ਗਏ। ਇਸ ਕੌਮੀ ਲੋਕ ਅਦਾਲਤ ਲਈ ਜ਼ਿਲ੍ਹਾ ਅਦਾਲਤ ਮੋਹਾਲੀ ਵਿੱਚ 15 ਬੈਂਚਾਂ ਦਾ ਗਠਨ ਕੀਤਾ ਗਿਆ, ਜਿਨ੍ਹਾਂ ਦੀ ਪ੍ਰਧਾਨਗੀ ਅਵਤਾਰ ਸਿੰਘ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਵਿਕਰਾਂਤ ਕੁਮਾਰ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਹਰਸਿਮਰਨਜੀਤ ਸਿੰਘ, ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਬਰਜਿੰਦਰ ਪਾਲ ਸਿੰਘ, ਪ੍ਰਿੰਸੀਪਲ ਜੱਜ, ਫੈਮਲੀ ਕੋਰਟਸ ਸ੍ਰੀਮਤੀ ਸੋਨਾਲੀ ਸਿੰਘ, ਵਧੀਕ ਸਿਵਲ ਜੱਜ (ਸੀਨੀਅਰ ਡਵੀਜਨ) ਅਭੇ ਰੰਜਨ ਸ਼ੁਕਲਾ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸ੍ਰੀਮਤੀ ਪੂਨਮ ਕਸ਼ਿਅਪ, ਸਿਵਲ ਜੱਜ (ਜੂਨੀਅਰ ਡਵੀਜ਼ਨ) ਕਿਰਨਦੀਪ ਸਿੰਘ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸੰਗਮ ਕੌਸ਼ਲ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸ੍ਰੀਮਤੀ ਨੇਹਾ ਜਿੰਦਲ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸੰਦੀਪ ਸਿੰਘ ਜੋਸਨ, ਪ੍ਰਜ਼ਾਈਡਿੰਗ ਅਫਸਰ, ਇੰਡਸਟ੍ਰੀਅਲ ਟ੍ਰਿਬਿਊਨਲਸ ਸ੍ਰੀਮਤੀ ਗੁਰਮੀਤ ਕੌਰ, ਚੇਅਰਮੈਨ, ਸਥਾਈ ਲੋਕ ਅਦਾਲਤ (ਜਨ ਉਪਯੋਗੀ ਸੇਵਾਵਾਂ) ਐਸ.ਕੇ. ਅਗਰਵਾਲ, ਪ੍ਰੈਜ਼ੀਡੈਂਟ, ਜ਼ਿਲ੍ਹਾ ਕੰਜਿਊਮਰ ਡਿਸਪਿਊਟ ਰਿਡਰੈਸਲ ਕਮਿਸ਼ਨ ਅਰਜੁਨ ਗਰੇਵਾਲ, ਤਹਿਸੀਲਦਾਰ, ਐਸ.ਏ.ਐਸ. ਨਗਰ ਅਤੇ ਅਮਨਪ੍ਰੀਤ ਸਿੰਘ, ਨਾਇਬ ਤਹਿਸੀਲਦਾਰ ਬਨੂੜ ਵਲੋਂ ਕੀਤੀ ਗਈ।ਇਸ ਤੋਂ ਇਲਾਵਾ ਸਬ-ਡਵੀਜ਼ਨ, ਡੇਰਾਬੱਸੀ ਵਿਖੇ 3 ਬੈਂਚ ਰਮੇਸ਼ ਕੁਮਾਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਸ੍ਰੀਮਤੀ ਮਨਜੋਤ ਕੌਰ, ਸਿਵਲ ਜੱਜ (ਜੂਨੀਅਰ ਡਵੀਜ਼ਨ) ਅਤੇ ਵੀਰਕਰਨ ਸਿੰਘ, ਤਹਿਸੀਲਦਾਰ, ਖਰੜ ਵਿਖੇ 5 ਬੈਂਚ ਗੁਰਮਹਿਤਾਬ ਸਿੰਘ, ਸਿਵਲ ਜੱਜ (ਜੂਨੀਅਰ ਡਵੀਜਨ) ਕਰੁਨ ਗਰਗ, ਸਿਵਲ ਜੱਜ (ਜੂਨੀਅਰ ਡਵੀਜਨ) ਸ੍ਰੀਮਤੀ ਮੰਜ਼ਰਾ ਦੱਤਾ, ਸਿਵਲ ਜੱਜ (ਜੂਨੀਅਰ ਡਵੀਜਨ) ਵਿਕਾਸਦੀਪ, ਤਹਿਸੀਲਦਾਰ ਅਤੇ ਸ੍ਰੀਮਤੀ ਜਸਬੀਰ ਕੌਰ, ਨਾਇਬ ਤਹਿਸੀਲਦਾਰ, ਮਾਜਰੀ ਦੀ ਅਗਵਾਈ ਵਿਚ ਗਠਤ ਕੀਤੇ ਗਏ। ਇਸ ਰਾਸ਼ਟਰੀ ਲੋਕ ਅਦਾਲਤ ਲਈ ਐਸ.ਏ.ਐਸ. ਨਗਰ, ਡੇਰਾਬੱਸੀ ਅਤੇ ਖਰੜ ਦੀਆਂ ਸਾਰੀਆਂ ਅਦਾਲਤਾਂ ਨੇ ਵੱਧ ਤੋਂ ਵੱਧ ਕੇਸ ਰਾਜ਼ੀਨਾਮੇ ਦੇ ਅਧਾਰ ਤੇ ਨਿਪਟਾਰੇ ਲਈ ਰੱਖੇ। ਜ਼ਿਲ੍ਹੇ ਅਤੇ ਸਬ-ਡਵੀਜ਼ਨਾਂ ਦੀਆਂ ਸਾਰੀਆਂ ਅਦਾਲਤਾਂ ਵੱਲੋਂ ਵੱਖ-ਵੱਖ ਧਿਰਾਂ ਦੀ ਸਹਿਮਤੀ ਨਾਲ ਕੌਮੀ ਲੋਕ ਅਦਾਲਤ ਵਿਚ ਕੇਸ ਰਾਜ਼ੀਨਾਮੇ ਲਈ ਰੱਖੇ ਗਏ ਅਤੇ ਇਨ੍ਹਾਂ ਦਾ ਨਿਪਟਾਰਾ ਕਰਵਾਇਆ ਗਿਆ। ਸ਼੍ਰੀਮਤੀ ਸੁਰਭੀ ਪਰਾਸ਼ਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ ਕੁੱਲ 12403 ਕੇਸ ਨਿਪਟਾਰੇ ਲਈ ਰੱਖੇ ਗਏ, ਜਿਨ੍ਹਾਂ ਵਿੱਚੋਂ 9850 ਕੇਸਾਂ ਦਾ ਨਿਪਟਾਰਾ ਕਰਕੇ ਕੁੱਲ 408686452/- ਕੀਮਤ ਦੇ ਅਵਾਰਡ ਪਾਸ ਕੀਤੇ ਗਏ।

ਲਾਇਲਪੁਰ ਖਾਲਸਾ ਕਾਲਜ ਲੜਕੀਆਂ ਵਿਖੇ ਪਾਤਰ ਨੂੰ ਸ਼ਰਧਾਂਜਲੀ

ਜਲੰਧਰ (ਇਕਬਾਲ ਸਿੰਘ ਉਭੀ)-ਪੰਜਾਬੀ ਜਗਤ ਦੀ ਉੱਘੀ ਸਾਹਿਤਕ ਹਸਤੀ ਡਾ. ਸੁਰਜੀਤ ਪਾਤਰ ਸ਼ਨੀਵਾਰ ਸਵੇਰੇ 79 ਸਾਲਾਂ ਦੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਸਦੀਵੀ ਵਿਛੋੜਾ ਦੇ ਗਏ। ਇਸ ਸੰਬੰਧੀ ਲਾਇਲਪੁਰ ਖਾਲਸਾ ਕਾਲਜ ਲੜਕੀਆਂ ਵਿਖੇ ਡਾਕਟਰ ਸੁਰਜੀਤ ਪਾਤਰ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦਿਆਂ ਸ਼ੋਕ ਸਭਾ ਦਾ ਆਯੋਜਨ ਕੀਤਾ ਗਿਆ। ਇਸ ਖ਼ਬਰ ਨਾਲ ਸਮੁੱਚੇ ਪੰਜਾਬੀ ਜਗਤ ਵਿਚ ਸੋਗ ਦੀ ਲਹਿਰ ਫੈਲ ਗਈ। ਜਲੰਧਰ ਦੇ ਪਿੰਡ ਪੱਤੜ ਕਲਾਂ ਦੇ ਜੰਮਪਲ ਸੁਰਜੀਤ ਪਾਤਰ ਨੇ ਸਾਹਿਤ ਦੇ ਖੇਤਰ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਪੰਜਾਬੀ ਸਾਹਿਤ ਅਕਾਦਮੀ ਦੇ ਪ੍ਰਧਾਨ ਦੇ ਅਹੁਦੇ ਦੀ ਜ਼ਿੰਮੇਵਾਰੀ ਵੀ ਲੰਬਾ ਸਮਾਂ ਨਿਭਾਈ। ਆਪ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਵਿੱਚ ਪੰਜਾਬੀ ਦੇ ਪ੍ਰੋਫੈਸਰ ਵੀ ਰਹੇ। ਸਾਹਿਤਕ ਖੇਤਰ ਵਿੱਚ ਪਾਏ ਇਨਕਲਾਬੀ ਤੇ ਦਲੇਰ ਵਿਚਾਰਾਂ ਵਾਲੇ ਕਵੀ ਸਨ ਜਿਨ੍ਹਾਂ ਨੇ ਕਿਸਾਨ ਅੰਦੋਲਨ ਸਮੇਂ ਸਭ ਤੋਂ ਪਹਿਲਾਂ ਆਪਣਾ ਪਦਮ ਸ਼੍ਰੀ ਸਨਮਾਨ ਵਾਪਸ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦਾ ਇਸ ਤਰਾਂ ਅਚਾਨਕ ਚਲੇ ਜਾਣਾ ਪੰਜਾਬੀ ਸਾਹਿਤ ਜਗਤ ਲਈ ਵੱਡਾ ਘਾਟਾ ਹੈ। ਮੈਡਮ ਸਰਿਤਾ ਤਿਵਾੜੀ ਨੇ ਵੀ ਡਾਕਟਰ ਪਾਤਰ ਨੂੰ ਸ਼ਰਧਾਂਜਲੀ ਅਰਪਿਤ ਕੀਤੀ। ਪੰਜਾਬੀ ਵਿਭਾਗ ਦੇ ਮੁਖੀ ਡਾ. ਅਕਾਲ ਅੰਮ੍ਰਿਤ ਕੌਰ ਨੇ ਪੰਜਾਬੀ ਸਾਹਿਤ ਖੇਤਰ ਵਿੱਚ ਡਾਕਟਰ ਸੁਰਜੀਤ ਪਾਤਰ ਦੇ ਵਡਮੁੱਲੇ ਯੋਗਦਾਨ ਬਾਰੇ ਵਿਚਾਰ ਪੇਸ਼ ਕਰਦਿਆਂ ਆਪਣੀ ਅਕੀਦਤ ਭੇਂਟ ਕੀਤੀ। ਇਸ ਸ਼ੋਕ ਸਭਾ ਵਿਚ ਮੰਨ ਰੱਖਿਆ ਗਿਆ ਤੇ ਕਾਲਜ ਦੇ ਸਮੂਹ ਅਧਿਆਪਕਾਂ, ਵਿਦਿਆਰਥੀਆਂ ਨੇ ਸ਼ਿਰਕਤ ਕਰਕੇ ਆਪਣੇ ਪਸੰਦੀਦਾ ਸ਼ਾਇਰ ਨੂੰ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕੀਤੀ।

ਡਾ: ਰਾਜਕੁਮਾਰ ਦੀ ਜਿੱਤ ਵਿਕਾਸ ਦੇ ਬੰਦ ਦਰਵਾਜ਼ੇ ਖੋਲ੍ਹੇਗੀ : ਸੈਣੀ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)- ਪੰਜਾਬ ਦੇ ਸੂਬਾ ਸੰਯੁਕਤ ਸਕੱਤਰ ਸੰਦੀਪ ਸੈਣੀ ਅਤੇ ਪੱਛੜੀਆਂ ਸ਼੍ਰੇਣੀਆਂ ਭੌਂ ਅਤੇ ਵਿੱਤ ਨਿਗਮ ਪੰਜਾਬ ਦੇ ਚੇਅਰਮੈਨ ਸੰਦੀਪ ਸੈਣੀ ਨੇ ਇੱਕ ਪ੍ਰੈਸ ਬਿਆਨ ਰਾਹੀਂ ਉਨ੍ਹਾਂ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਵੋਟ ਦੇ ਰੂਪ ਵਿੱਚ ਆਪਣਾ ਆਸ਼ੀਰਵਾਦ ਡਾ: ਰਾਜਕੁਮਾਰ ਨੂੰ ਦੇ ਕੇ ਦੀ ਜਿੱਤ ਯਕੀਨੀ ਬਣਾਉਣ ਅਤੇ ਅਸੀਂ ਵਾਅਦਾ ਕਰਦੇ ਹਾਂ ਕਿ ਡਾ: ਰਾਜਕੁਮਾਰ ਦੀ ਜਿੱਤ ਹੁਸ਼ਿਆਰਪੁਰ ਦੇ ਵਿਕਾਸ ਦੇ ਬੰਦ ਦਰਵਾਜ਼ੇ ਖੋਲ੍ਹ ਦੇਵੇਗੀ। ਉਨ੍ਹਾਂ ਕਿਹਾ ਕਿ ਡਾ: ਰਾਜਕੁਮਾਰ ਵਰਗੇ ਪੜ੍ਹੇ-ਲਿਖੇ ਵਿਅਕਤੀ ਦੀ ਸਖ਼ਤ ਲੋੜ ਹੈ ਜੋ ਹੁਸ਼ਿਆਰਪੁਰ ਦੇ ਪਛੜੇਪਣ ਦੇ ਕਲੰਕ ਨੂੰ ਜੜ੍ਹੋਂ ਪੁੱਟ ਸਕੇ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਫੈਸਲਾ ਕਰਨਾ ਹੋਵੇਗਾ ਕਿ ਧਰਮ ਅਤੇ ਜਾਤ ਦੇ ਨਾਂਅ 'ਤੇ ਆਪਣੀ ਵੋਟ ਪਾਉਣੀ ਹੈ ਜਾਂ ਫਿਰ ਰਾਸ਼ਟਰ ਹਿੱਤ ਨੂੰ ਧਿਆਨ 'ਚ ਰੱਖਦੇ ਹੋਏ ਹੁਸ਼ਿਆਰਪੁਰ ਦੇ ਵਿਕਾਸ ਲਈ ਵਚਨਬੱਧ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਵੋਟ ਪਾਉਣੀ ਹੈ। ਸੰਦੀਪ ਸੈਣੀ ਨੇ ਕਿਹਾ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਪਿਛਲੇ ਦੋ ਸਾਲਾਂ ਵਿੱਚ ਆਮ ਜਨਤਾ ਨਾਲ ਕੀਤੇ ਹਰ ਵਾਅਦੇ ਨੂੰ ਪੂਰਾ ਕਰਨ ਵਿੱਚ ਲੱਗੀ ਹੋਈ ਹੈ।ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਆਮ ਜਨਤਾ ਤੋਂ 5 ਸਾਲ ਦਾ ਸ਼ਾਸਨ ਕਾਲ ਮੰਗਿਆ ਸੀ। ਪਰ ਸਰਕਾਰ ਬਣਨ ਦੇ ਦੋ ਸਾਲਾਂ ਦੇ ਅੰਦਰ ਹੀ ਸਰਕਾਰ ਨੇ ਪਾਰਟੀ ਵੱਲੋਂ ਆਮ ਜਨਤਾ ਨਾਲ ਕੀਤੇ ਵਾਅਦਿਆਂ ਨੂੰ ਲਗਭਗ ਪੂਰਾ ਕਰਨ ਵੱਲ ਤੇਜ਼ੀ ਨਾਲ ਕਦਮ ਚੁੱਕੇ ਹੋਏ ਹਨ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੀ ਆਮ ਜਨਤਾ ਨੂੰ ਅਪੀਲ ਹੈ ਕਿ ਉਹ ਵਿਕਾਸ ਅਤੇ ਕੰਮ ਦੀ ਰਾਜਨੀਤੀ ਕਰਨ ਵਾਲੀ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਆਪਣਾ ਸਮਰਥਨ ਦੇ ਕੇ ਦੇਸ਼ ਦੀ ਲੋਕ ਸਭਾ ਲਈ ਵੋਟ ਪਾਉਣ ਅਤੇ ਫਿਰ ਦੇਖਦੇ ਹਾਂ ਕਿ ਉਨ੍ਹਾਂ ਦੇ ਸੰਸਦ ਮੈਂਬਰ ਕਿਵੇਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਦੇ ਹੋਏ ਦੇਸ਼ ਦੇ ਉਸ ਸਦਨ ਵਿੱਚ ਆਪਣੀ ਆਵਾਜ਼ ਬੁਲੰਦ ਕਰਨਗੇ ਅਤੇ ਕੇਂਦਰ ਸਰਕਾਰ ਤੋਂ ਉਨ੍ਹਾਂ ਦੇ ਹੱਕ ਲੈਣਗੇ।ਇਸ ਮੌਕੇ ਅਜੇ ਵਰਮਾ, ਕੌਂਸਲਰ ਜਸਪਾਲ ਚੇਚੀ, ਬਲਵਿੰਦਰ ਕਤਨਾ, ਖੁਸ਼ੀਰਾਮ ਧੀਮਾਨ, ਤਰੁਣ ਗੁਪਤਾ, ਚਰਨਜੀਤ ਸਿੰਘ ਚੰਨੀ, ਰਣਜੀਤ ਸਿੰਘ ਸਹੋਤਾ, ਗੁਰਪ੍ਰੀਤ ਸਿੰਘ ਸੈਣੀ, ਪਵਨ ਸੈਣੀ, ਦਵਿੰਦਰ ਸਿੰਘ ਸੈਣੀ ਤੇ ਹੋਰ ਹਾਜ਼ਰ ਸਨ।

ਸੇਂਟ ਸੋਲਜਰ ਕੋ-ਐਜੂਕੇਸ਼ਨ ਕਾਲਜ ਵਿਖੇ ਵਿਦਾਇਗੀ ਪਾ

13-MAY-PAGE-10.qxd 5/12/2024 10:26 PM Page 1

ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਗਾਂ ਨੂੰ ਲੈ ਕੇ ਸਰਕਲ ਪੱਧਰੀ ਧਰਨੇ ਦੇਵੇਗੀ : ਅਕਾਲ, ਮੋਹੀ

ਸਮਰਾਲਾ (ਸੁਰਜੀਤ ਸਿੰਘ)

ਪੈਨਸ਼ਨਰਜ਼ ਐਸੋਸੀਏਸ਼ਨ ਪਾਵਰਕੌਮ ਟਰਾਂਸਕੋ ਸਰਕਲ ਕਮੇਟੀ ਖੰਨਾ ਦੀ ਮੀਟਿੰਗ ਸਰਕਲ ਪ੍ਰਧਾਨ ਹਰਬੰਸ ਸਿੰਘ ਦਬੁਰਜੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਜਾਰੀ ਕਰਦੇ ਸਰਕਲ ਸਕੱਤਰ ਇੰਦਰਜੀਤ ਸਿੰਘ ਅਕਾਲ ਤੇ ਗੁਰਸੇਵਕ ਸਿੰਘ ਮੋਹੀ ਸਰਕਲ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਸੂਬਾ ਵਰਕਿੰਗ ਕਮੇਟੀ ਦੀ ਮੀਟਿੰਗ ਵਿੱਚ ਪੈਨਸ਼ਨਰਾਂ ਦੀਆਂ ਮੰਗਾਂ ਤੇ ਮਸਲਿਆਂ ਨੂੰ ਹੱਲ ਨਾ ਕਰਣ ਸਬੰਧੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਨੇ ਧਾਰੀ ਚੁੱਪ ਤੇ ਪੈਨਸ਼ਨਰਾਂ ਨੂੰ ਨਜ਼ਰਅੰਦਾਜ਼ ਕਰਨ ਦੀ ਕਾਰਗੁਜ਼ਾਰੀ ਪ੍ਰਤੀ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਸੂਬਾ ਕਮੇਟੀ ਵਲੋਂ ਉਲੀਕੇ ਗਏ ਪ੍ਰੋਗਰਾਮ ਤਹਿਤ ਖੰਨਾ ਸਰਕਲ ਦੇ ਮੰਡਲ ਖੰਨਾ, ਗੋਬਿੰਦਗੜ੍ਹ ਅਤੇ ਦੋਰਾਹਾ ਦੇ ਧਰਨੇ ਦਿੱਤੇ ਗਏ ਅਤੇ ਬਾਕੀ ਰਹਿੰਦੇ ਮੰਡਲ ਸਰਹਿੰਦ ਵਿਖੇ 13 ਮਈ ਨੂੰ ਅਤੇ ਅਮਲੋਹ ਮੰਡਲ ਵਿਖੇ 16 ਮਈ ਨੂੰ ਧਰਨੇ ਦੇਣ ਉਪਰੰਤ 20 ਮਈ ਨੂੰ ਸਵੇਰੇ 09.30 ਵਜੇ ਸਰਕਲ ਪੱਧਰੀ ਵਿਸ਼ਾਲ ਧਰਨਾ ਅਤੇ ਮੁਜ਼ਾਹਰਾ ਸਰਕਲ ਦਫ਼ਤਰ ਪਾਵਰਕੌਮ ਜੀ.ਟੀ. ਰੋਡ ਖੰਨਾ ਦੇ ਬਾਹਰ ਪੰਜਾਬ ਸਰਕਾਰ ਤੇ ਪਾਵਰਕੌਮ ਦੀ ਮੈਨੇਜਮੈਂਟ ਵਿਰੁੱਧ ਆਪਣੀ ਹੱਕੀ ਅਤੇ ਜਾਇਜ਼ ਮੰਗਾਂ ਮਨਵਾਉਣ ਲਈ ਕੀਤਾ ਜਾਵੇਗਾ, ਜਿਸ ਵਿੱਚ ਲੋਕਾਂ ਨੂੰ ਪੰਜਾਬ ਸਰਕਾਰ ਤੇ ਪਾਵਰਕੌਮ ਮੈਨੇਜਮੈਂਟ ਦੀ ਕਾਰਗੁਜ਼ਾਰੀ ਬਾਰੇ ਅਤੇ ਪੈਨਸ਼ਨਰਜ਼ ਦੀਆਂ ਮੰਗਾਂ ਜਿਵੇਂ 31-12-2015 ਤੱਕ ਰਿਟਾਇਰਡ ਹੋਏ ਪੈਨਸ਼ਨਰਾਂ ਦੀ ਪੈਨਸ਼ਨ 2.59 ਦਾ ਗੁਣਾਂਕ ਫੈਕਟਰ ਲਾ ਕੇ ਪੈਨਸ਼ਨ ਦੀ ਸੁਧਾਈ ਕਰਨਾ, ਕੈਸ਼ਲੈੱਸ ਮੈਡੀਕਲ ਸਕੀਮ ਮੁੜ ਚਾਲੂ ਕਰਨ, ਮੈਡੀਕਲ ਅਲਾਊਂਸ 2000/- ਰਪਏ ਮਹੀਨਾ ਕਰਨ, 200/-ਰੁਪਏ ਡਿਵੈਲਪਮੈਂਟ ਟੈਕਸ ਜੋ ਪੈਨਸ਼ਨਰਾਂ ਦਾ ਨਜਾਇਜ਼ ਕੱਟਿਆ ਜਾ ਰਿਹਾ ਹੈ, ਜਿਸ ਨੂੰ ਕੱਟਣਾ ਬੰਦ ਕਰਨ ਤੋਂ ਸਰਕਾਰ ਦਾ ਪੂਰੀ ਤਰ੍ਹਾਂ ਮੁਨਕਰ ਹੋਣਾ, ਡੀ.ਏ. ਦੀ ਕਿਸ਼ਤਾਂ ਤੇ ਉਸ ਦਾ ਬਣਦੇ ਏਰੀਅਰ ਦੀ ਅਦਾਇਗੀ ਕਰਨ, ਰਿਵਾਇਜ ਲੀਵਰ ਇਨਕੈਸਮੈਟ ਦੀ ਅਦਾਇਗੀ 'ਤੇ ਲਾਈ ਰੋਕ ਹਟਾਉਣ ਤੇ ਪੈਨਸ਼ਨਰਾਂ ਨੂੰ ਰਿਟਾਇਰਮੈਂਟ ਸਮੇਂ ਕਮਿਊਟੇਸ਼ਨ ਦੀ ਕੀਤੀ ਜਾਂਦੀ ਅਦਾਇਗੀ ਦੀ ਵਸੂਲੀ ਕਰਨ ਸਮੇਂ ਵੱਧ ਵਿਆਜ ਲੈਣ ਅਤੇ ਇਨ੍ਹਾਂ ਦੀਆਂ ਕਿਸ਼ਤਾਂ ਵੱਧ ਸਾਲਾਂ ਤੱਕ ਭਾਵ 15 ਸਾਲਾਂ ਤੱਕ ਨਜਾਇਜ਼ ਵਸੂਲਣ ਸਬੰਧੀ ਪੰਜਾਬ ਸਰਕਾਰ ਦੇ ਗ਼ਲਤ ਮਨਸੂਬਿਆਂ ਬਾਰੇ ਵੀ ਪੰਜਾਬ ਦੀ ਜਨਤਾ ਨੂੰ ਜਾਗਰੂਕ ਕੀਤਾ ਜਾਵੇਗਾ।

ਪੰਜਾਬ ਪੈਨਸ਼ਨਰਜ਼ ਯੂਨੀਅਨ ਵੱਲੋਂ ਭਾਜਪਾ ਤੇ ਹੋਰ ਲੋਕ ਵਿਰੋਧੀ ਪਾਰਟੀਆਂ ਨੂੰ ਹਰਾਉਣ ਦਾ ਸੱਦਾ

ਕੋਟਕਪੂਰਾ (ਰਛਪਾਲ ਭੁੱਲਰ)-ਪੰਜਾਬ ਪੈਨਸ਼ਨਰਜ਼ ਯੂਨੀਅਨ ਜ਼ਿਲ੍ਹਾ ਫਰੀਦਕੋਟ ਦੀ ਮਹੀਨਾ ਵਾਰ ਮੀਟਿੰਗ ਇੱਥੇ ਸ਼ਹੀਦ ਭਗਤ ਸਿੰਘ ਪਾਰਕ ਵਿੱਚ ਜ਼ਿਲ੍ਹਾ ਪ੍ਰਧਾਨ ਕੁਲਵੰਤ ਸਿੰਘ ਚਾਨੀ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਸ਼ੁਰੂ ਵਿੱਚ ਪੰਜਾਬੀ ਸਾਹਿਤ ਦੇ ਨਾਮਵਰ ਸ਼ਾਇਰ ਤੇ ਪਦਮਸ਼੍ਰੀ ਐਵਾਰਡ ਨਾਲ ਸਨਮਾਨਤ ਸੁਰਜੀਤ ਪਾਤਰ ਦੇ ਅੱਜ ਸਵੇਰੇ ਅਚਨਚੇਤ ਸਦੀਵੀ ਵਿਛੋੜਾ ਦੇ ਜਾਣ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਤੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੂਬਾਈ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਦੇਸ਼ ਵਿੱਚ ਹੁਕਮਰਾਨ ਭਾਜਪਾ ਤੇ ਪੰਜਾਬ 'ਚ ਹੁਕਮਰਾਨ ਆਮ ਆਦਮੀ ਪਾਰਟੀ ਵੱਲੋਂ ਚੋਣਾਂ ਤੋਂ ਪਹਿਲਾਂ ਲੋਕਾਂ ਨਾਲ ਕੀਤੇ ਗਏ ਚੋਣ ਵਾਅਦਿਆਂ ਨੂੰ ਸੱਤਾ ਸੰਭਾਲਣ ਤੋਂ ਬਾਅਦ ਮੁੱਕਰ ਜਾਣ ਦਾ ਦੋਸ਼ ਲਗਾਇਆ। ਆਗੂਆਂ ਨੇ ਕਿਹਾ ਕਿ ਪੈਨਸ਼ਨਰਾਂ ਦੇ ਇਸ ਗੁੱਸੇ ਦਾ ਆਮ ਆਦਮੀ ਪਾਰਟੀ ਨੂੰ ਲੋਕ ਸਭਾ ਚੋਣਾਂ ਵਿੱਚ ਖਮਿਆਜ਼ਾ ਭੁਗਤਣਾ ਪਵੇਗਾ। ਮੀਟਿੰਗ ਦੌਰਾਨ ਸਰਬ ਸੰਮਤੀ ਨਾਲ ਫੈਸਲਾ ਕਰਕੇ 1 ਜੂਨ ਨੂੰ ਪੰਜਾਬ ਵਿੱਚ ਹੋ ਰਹੀਆਂ ਲੋਕ ਸਭਾ ਚੋਣਾਂ ਦੌਰਾਨ ਭਾਜਪਾ ਤੇ ਹੋਰ ਲੋਕ ਵਿਰੋਧੀ ਪਾਰਟੀਆਂ ਨੂੰ ਹਰਾਉਣ ਤੇ ਜਮਹੂਰੀ ਤਾਕਤਾਂ ਦੇ ਹੱਥ ਮਜ਼ਬੂਤ ਕਰਨ ਦਾ ਸੱਦਾ ਦਿੱਤਾ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪੈਨਸ਼ਨਰ ਆਗੂ ਸੋਮ ਨਾਥ ਅਰੋੜਾ, ਇਕਬਾਲ ਸਿੰਘ ਮੰਘੇੜਾ, ਤਰਸੇਮ ਨਰੂਲਾ, ਗੁਲਵੰਤ ਸਿੰਘ, ਮਦਨ ਲਾਲ ਸ਼ਰਮਾ ਸੰਧਵਾਂ, ਪਰਮਿੰਦਰ ਸਿੰਘ ਜਟਾਣਾ, ਅਸ਼ੋਕ ਚਾਵਲਾ, ਸੁਰਿੰਦਰ ਕੁਮਾਰ ਮੁੰਜਾਲ ਤੇ ਰਮੇਸਵਰ ਸਿੰਘ ਸੁਪਰਡੈਂਟ, ਪ੍ਰਿੰਸੀਪਲ ਬਲਵੀਰ ਸਿੰਘ ਬਰਾੜ, ਹਰਦੇਵ ਸਿੰਘ ਗਿੱਲ, ਜਸਪਾਲ ਸਿੰਘ, ਗੁਰਕੀਰਤ ਸਿੰਘ, ਮੇਜਰ ਸਿੰਘ ਡੀਪੀਈ, ਕਰਨੈਲ ਸਿੰਘ ਸਲੰਕੀ ਬਰਗਾੜੀ, ਬਿੱਕਰ ਸਿੰਘ ਗੋਦਾਰਾ, ਹਰਨੇਕ ਸਿੰਘ ਸਾਹੋਕੇ, ਤਾਰਾ ਸਿੰਘ ਲੈਕਚਰਾਰ ਤੇ ਜਗਵੰਤ ਸਿੰਘ ਬਰਾੜ ਮੁੱਖ ਅਧਿਆਪਕ ਆਦਿ ਹਾਜ਼ਰ ਸਨ।

ਮੇਰੇ ਹਲਕੇ 'ਤੇ ਮੈਨੂੰ ਪੂਰਾ ਮਾਣ : ਕਾਕਾ ਬਰਾੜ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਆਮ ਆਦਮੀ ਪਾਰਟੀ ਵੱਲੋਂ ਐਲਾਨੇ ਫਿਰੋਜ਼ਪੁਰ ਲੋਕ ਸਭਾ ਹਲਕੇ ਦੇ ਉਮੀਦਵਾਰ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਲੋਕ ਸਭਾ ਹਲਕੇ ਤੋਂ ਭਰਪੂਰ ਸਮਰਥਨ ਮਿਲ ਰਿਹਾ ਹੈ। ਜਿਵੇਂ ਜਿਵੇਂ ਚੋਣਾਂ ਨਜ਼ਦੀਕ ਆ ਰਹੀਆਂ ਹਨ, ਉਸੇ ਤਰ੍ਹਾਂ ਲੋਕਾਂ ਦਾ ਉਤਸ਼ਾਹ ਵਧ ਰਿਹਾ ਹੈ। ਇਸੇ ਉਤਸ਼ਾਹ ਦੇ ਚੱਲਦੇ

ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਵੱਲੋਂ ਆਪਣੇ ਹਲਕੇ ਦੇ ਪਿੰਡ ਬਾਂਦੇਵਾਲਾ ਵਿਖੇ ਭਰਵੀਂ ਮੀਟਿੰਗ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤੇ ਵਾਈਸ ਚੇਅਰਮੈਨ ਪਨਸੀਡ ਐਗਰੋ ਜਸ਼ਨ ਬਰਾੜ ਲੱਖੇਵਾਲੀ ਹਾਜ਼ਰ ਸੀ।

ਇਸ ਮੌਕੇ ਆਪਣੇ ਸੰਬੋਧਨ ਦੌਰਾਨ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੇ ਆਖਿਆ ਕਿ ਮੈਨੂੰ ਆਪਣੇ ਹਲਕੇ 'ਤੇ ਪੂਰਾ ਮਾਣ ਹੈ, ਜਿਸ ਤਰ੍ਹਾਂ ਵਿਧਾਨ ਸਭਾ ਚੋਣਾਂ ਵੇਲੇ ਸਾਥ ਦਿੱਤਾ, ਉਸੇ ਤਰ੍ਹਾਂ ਪਾਰਲੀਮੈਂਟ ਦੀਆਂ ਚੋਣਾਂ ਵਿੱਚ ਸਾਥ ਦਿਓਗੇ। ਉਨ੍ਹਾ ਕਿਹਾ ਕਿ ਇੱਕ ਐੱਮ ਪੀ ਦਾ ਫਰਜ਼ ਹੁੰਦਾ ਕਿ ਉਹ ਆਪਣੇ ਇਲਾਕੇ ਦੀ ਆਵਾਜ਼ ਨੂੰ ਸੈਂਟਰ ਵਿੱਚ ਚੁੱਕੇ, ਪੰਤੂ ਆਪਣੀ ਬਦਕਿਸਮਤੀ ਰਹੀ ਕਿ ਜਿਹੜਾ ਵੀ ਆਪਾਂ ਐੱਮ ਪੀ ਚੁਣਦੇ ਸੀ ਉਹ ਆਰਾਮ ਨਾਲ ਘਰ ਬੈਠੇ ਕੇ ਪੰਜ ਸਾਲ ਲੰਘਾ ਦਿੰਦੇ ਸਨ, ਜਿਸ ਦਾ ਖਾਮਿਆਜ਼ਾ ਆਪਾਂ ਨੂੰ ਭੁਗਤਣਾ ਪਿਆ, ਕਿਉਂਕਿ ਜੋ ਪ੍ਰੋਜੈਕਟ ਬਾਰੇ ਆਵਾਜ਼ ਚੁੱਕਣੀ ਸੀ, ਉਹ ਹੋ ਨਹੀਂ ਸਕੀ। ਉਨ੍ਹਾ ਕਿਹਾ ਕਿ ਹੁਣ ਸਮਾਂ ਆ ਗਿਆ ਹੈ, ਜਿਸ ਤਰ੍ਹਾਂ ਪੰਜਾਬ ਨੂੰ ਇੱਕ ਨਵੀਂ ਪਾਰਟੀ ਤੇ ਨਵਾਂ ਮੁੱਖ ਮੰਤਰੀ ਮਿਲਿਆ ਹੈ, ਉਸੇ ਤਰ੍ਹਾਂ ਪੰਜਾਬ ਵਿੱਚੋਂ 13 ਨਵੇਂ ਚਿਹਰੇ ਚੁਣ ਕੇ ਭੇਜੋ ਤਾਂ ਕਿ ਆਪਣੇ ਹੱਕਾਂ ਦੀ ਆਵਾਜ਼ ਨੂੰ ਉਠਾ ਸਕੇ। ਉਨ੍ਹਾ ਹਲਕੇ ਨੂੰ ਪੂਰਨ ਵਿਸ਼ਵਾਸ ਦੁਆਇਆ ਕਿ ਜਿਸ ਤਰ੍ਹਾਂ ਉਨ੍ਹਾਂ ਨੇ ਆਪਣੇ ਕਾਰਜਕਾਲ ਦੌਰਾਨ ਪਿੰਡਾਂ ਦਾ ਵਿਕਾਸ ਕਰਵਾਇਆ, ਉਸੇ ਤਰ੍ਹਾਂ ਇਹ ਵਿਕਾਸ ਦੇ ਕੰਮ ਤੇਜ਼ੀ ਨਾਲ ਅੱਗੇ ਵਧਣਗੇ। ਇਸ ਦੌਰਾਨ ਬਲਾਕ ਪ੍ਰਧਾਨ ਗੋਸਾ ਬਰਾੜ, ਜਗਮੇਲ ਸਿੰਘ, ਮੈਂਬਰ ਅਮਰੀਕ ਸਿੰਘ, ਜਸਪਾਲ ਧਾਲੀਵਾਲ, ਬਿੰਦਾ, ਗੁਰਦੀਪ ਸਿੰਘ ਪ੍ਰਧਾਨ, ਸੋਨਾ ਸਰਪੰਚ, ਸੋਨਾ ਮੈਂਬਰ ਆਦਿ ਪਿੰਡ ਵਾਸੀਆਂ ਨੇ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਨੂੰ ਭਰੋਸਾ ਦੁਆਇਆ ਕਿ ਉਹ ਪਿੰਡ ਵਿੱਚੋਂ ਵੱਡੇ ਪੱਧਰ 'ਤੇ ਵੋਟਾਂ ਵਧਾਉਣ ਲਈ ਦਿਨ-ਰਾਤ ਮਿਹਨਤ ਕਰਨਗੇ। ਇਸ ਮੌਕੇ ਸਮੂਹ ਆਮ ਆਦਮੀ ਪਾਰਟੀ ਦੇ ਵਰਕਰ ਹਾਜ਼ਰ ਸਨ।

ਕਾਤਰਾਂ

ਘਰ 'ਚੋਂ ਗਹਿਣੇ ਤੇ ਨਕਦੀ ਚੋਰੀ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਲੋਹੇ ਦਾ ਕਾਰੋਬਾਰ ਕਰਨ ਵਾਲੇ ਮੰਡੀ ਗੋਬਿੰਦਗੜ੍ਹ ਦੇ ਦੋ ਵਪਾਰੀ ਭਰਾਵਾਂ ਦੇ ਘਰ ਵਿੱਚ ਦਾਖਲ ਹੋਏ ਨਾਮਾਲੂਮ ਵਿਅਕਤੀਆਂ ਵੱਲੋਂ ਬਹੁ-ਕੀਮਤੀ ਸੋਨੇ ਚਾਂਦੀ ਦੇ ਗਹਿਣੇ ਤੇ ਨਕਦੀ ਚੋਰੀ ਕਰ ਲੈ ਜਾਣ ਦਾ ਸਮਾਚਾਰ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਗੌਰਵ ਸਿੰਗਲਾ ਨੇ ਦੱਸਿਆ ਕਿ ਉਹ ਤੇ ਉਸ ਦਾ ਭਰਾ ਸੌਰਵ ਸਿੰਗਲਾ ਇਕੱਠੇ ਹੀ ਲੋਹੇ ਦਾ ਕਾਰੋਬਾਰ ਕਰਦੇ ਹਨ ਤੇ ਮੰਡੀ ਗੋਬਿੰਦਗੜ੍ਹ ਦੇ ਚੰਦਰਲੋਕ ਇਲਾਕੇ 'ਚ ਉਨ੍ਹਾਂ ਦਾ ਸਾਂਝਾ ਘਰ ਹੈ। 8 ਮਈ ਦੀ ਸ਼ਾਮ ਨੂੰ ਉਹ ਦੋਵੇਂ ਭਰਾ ਪਰਿਵਾਰਕ ਮੈਂਬਰਾਂ ਸਮੇਤ ਇੱਕ ਵਿਆਹ ਸਮਾਗਮ 'ਚ ਸ਼ਾਮਲ ਹੋਣ ਲਈ ਦਿੱਲੀ ਗਏ ਸਨ ਤੇ ਪਿੱਛੇ ਘਰ ਵਿੱਚ ਉਨ੍ਹਾਂ ਦਾ ਨੌਕਰ ਹੀਰਾ ਲਾਲ ਮੌਜੂਦ ਸੀ, ਜਿਸ ਨੇ ਤੜਕੇ ਉਨ੍ਹਾਂ ਨੂੰ ਫੋਨ ਕਰਕੇ ਦੱਸਿਆ ਕਿ ਰਾਤ ਕਰੀਬ 2 ਵਜੇ 4 ਨਾਮਾਲੂਮ ਵਿਅਕਤੀ ਦਰਵਾਜ਼ੇ ਤੋੜ ਕੇ ਘਰ ਅੰਦਰ ਦਾਖਲ ਹੋ ਗਏ ਤੇ ਘਰ 'ਚ ਪਿਆ ਸਾਮਾਨ ਚੋਰੀ ਕਰ ਲਿਆ। ਗੌਰਵ ਸਿੰਗਲਾ ਨੇ ਪੁਲਸ ਨੂੰ ਦੱਸਿਆ ਕਿ ਉਹ ਮੰਡੀ ਗੋਬਿੰਦਗੜ੍ਹ ਵਿਖੇ ਆਪਣੇ ਘਰ ਪਹੁੰਚੇ ਤਾਂ ਘਰ ਅੰਦਰ ਸਾਰਾ ਸਾਮਾਨ ਖਿੱਲਰਿਆ ਪਿਆ ਸੀ ਤੇ ਕਮਰੇ ਅੰਦਰ ਲੌਕਰ ਟੁੱਟੇ ਪਏ ਸਨ ਤੇ ਘਰ 'ਚ ਪਈ ਨਕਦੀ ਤੇ ਗਹਿਣੇ ਚੋਰੀ ਹੋ ਚੁੱਕੇ ਹਨ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਮੰਡੀ ਗੋਬਿੰਦਗੜ੍ਹ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

ਲੋਕ ਸ਼ਾਇਰ ਸੁਰਜੀਤ ਪਾਤਰ ਦੀ ਮੌਤ 'ਤੇ ਦੁੱਖ ਪ੍ਰਗਟ

ਹਠੂਰ (ਨਛੱਤਰ ਸੰਧੂ)-ਸ੍ਰੀਰਾਮ ਕਾਲਜ ਡੱਲਾ ਵਿਖੇ ਲੋਕਾਂ ਦੇ ਸਾਇਰ ਸੁਰਜੀਤ ਪਾਤਰ ਨੂੰ ਨਮਨ ਕਰਦਿਆਂ ਸ਼ੋਕ ਸਭਾ ਕੀਤੀ ਗਈ। ਇਸ ਮੌਕੇ ਕਾਲਜ ਭਾਸਾ ਮੰਚ ਤੇ ਪੰਜਾਬੀ ਸਾਹਿਤ ਸਭਾ ਦੇ ਅਹੁਦੇਦਾਰਾਂ ਨੇ ਸ਼ਾਇਰ ਸੁਰਜੀਤ ਪਾਤਰ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਕਾਲਜ ਦੇ ਪ੍ਰਿੰਸੀਪਲ ਪ੍ਰੋ. ਸਤਵਿੰਦਰ ਕੌਰ ਨੇ ਕਿਹਾ ਕਿ ਪਾਤਰ ਸਾਹਿਬ ਦਾ ਬੇਵਕਤੀ ਤੁਰ ਜਾਣਾ ਸ਼ਾਇਰੀ ਦੇ ਇਕ ਯੁੱਗ ਦਾ ਅੰਤ ਹੋਣਾ ਹੈ। ਸੁਰਜੀਤ ਪਾਤਰ ਨੇ ਹਮੇਸ਼ਾ ਲੋਕਾਂ ਦੇ ਦਰਦ ਨੂੰ ਆਪਣੀ ਕਲਮ ਰਾਹੀਂ ਪੇਸ਼ ਕੀਤਾ। ਇਸ ਸਮੇਂ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਸਤਵਿੰਦਰ ਕੌਰ ਨੇ ਕਿਹਾ ਕਿ ਸ਼ਾਇਰ ਸੁਰਜੀਤ ਪਾਤਰ ਨੇ ਦੇਹ ਦਾ ਓਹਲਾ ਕਰ ਲਿਆ ਹੈ, ਪਰ ਉਨ੍ਹਾਂ ਦੀ ਸ਼ਾਇਰੀ ਦੇਹ ਤੋਂ ਵੀ ਪਰ੍ਹੇ ਹੋ ਕੇ ਜਿਊਂਦੀ ਰਹੇਗੀ। ਇਹੀ ਉਨ੍ਹਾਂ ਦੀ ਸ਼ਾਇਰੀ ਦਾ ਹਾਸਲ ਹੈ। ਉਨ੍ਹਾਂ ਹਮੇਸ਼ਾ ਲੋਕਾਈ ਦੇ ਦਰਦ ਨੂੰ ਪੇਸ਼ ਕੀਤਾ। ਇਸ ਮੌਕੇ ਸੂਬੇਦਾਰ ਦੇਵੀ ਚੰਦ ਸ਼ਰਮਾ, ਮਾ. ਅਵਤਾਰ ਸਿੰਘ, ਮਾ. ਭਗਵੰਤ ਸਿੰਘ, ਪ੍ਰਭਜੀਤ ਸਿੰਘ ਅੱਚਰਵਾਲ ਆਦਿ ਨੇ ਸ਼ਾਇਰ ਸੁਰਜੀਤ ਪਾਤਰ ਨੂੰ ਨਮਨ ਕੀਤਾ। ਇਸ ਮੌਕੇ ਕਾਲਜ ਪੰਜਾਬੀ ਸਾਹਿਤ ਸਭਾ ਤੇ ਭਾਸ਼ਾ ਮੰਚ ਦੇ ਸਰਪ੍ਰਸਤ ਤੇ ਅਹੁਦੇਦਾਰ ਅਤੇ ਵਿਦਿਆਰਥੀ ਹਾਜ਼ਰ ਸਨ।

ਰੋਹਿਤ ਕਾਲੜਾ ਨੂੰ ਸਦਮਾ

ਮਲੋਟ (ਗੁਰਮੀਤ ਸਿੰਘ ਮੱਕੜ)-ਮਲੋਟ ਨਿਊਜ਼ ਦੇ ਐਡੀਟਰ ਤੇ ਪ੍ਰੈੱਸ ਕਲੱਬ ਮਲੋਟ ਦੇ ਮੈਂਬਰ ਰੋਹਿਤ ਕਾਲੜਾ ਨੂੰ ਉਦੋਂ ਗਹਿਰਾ ਸਦਮਾ ਲੱਗਿਆ, ਜਦੋਂ ਉਨ੍ਹਾਂ ਦੇ ਸਹੁਰਾ ਸ਼੍ਰੀ ਜੱਜ ਬਾਘਲਾ ਸੰਖੇਪ ਬਿਮਾਰੀ ਪਿੱਛੋਂ ਸਵਰਗਵਾਸ ਹੋ ਗਏ। ਉਨ੍ਹਾਂ ਦੀ ਮੌਤ 'ਤੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ, ਪ੍ਰੈੱਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਪੱਤਰਕਾਰ ਸ਼ਤੀਸ਼ ਗੋਇਲ, ਹਰਪ੍ਰੀਤ ਸਿੰਘ ਹੈਪੀ, ਵਿਕਾਸ ਗੁਪਤਾ, ਸੰਦੀਪ ਮਲੂਜਾ, ਜੱਜ ਸ਼ਰਮਾ, ਲਖਵਿੰਦਰ ਬਰਾੜ, ਚੇਤਨ ਭੂਰਾ, ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਆਦਿ ਵੱਖ-ਵੱਖ ਸਮਾਜਿਕ, ਵਪਾਰਕ ਤੇ ਧਾਰਮਿਕ ਜਥੇਬੰਦੀਆਂ ਦੇ ਅਹੁਦੇਦਾਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

ਡਾ. ਸੁਰਜੀਤ ਪਾਤਰ ਦਾ ਘਾਟਾ ਨਾ ਪੂਰਨਯੋਗ : ਜਮਹੂਰੀ ਅਧਿਕਾਰ ਸਭਾ

ਸੰਗਰੂਰ (ਪ੍ਰਵੀਨ ਸਿੰਘ)-ਡਾਕਟਰ ਸੁਰਜੀਤ ਪਾਤਰ ਦੇ ਅਚਾਨਕ ਚਲੇ ਜਾਣ ਕਾਰਨ ਪਿਆ ਖੱਪਾ ਕਦੇ ਵੀ ਨਾ ਪੂਰਿਆ ਜਾਣ ਵਾਲਾ ਹੈ। ਇਸ ਦੁੱਖ ਦਾ ਪ੍ਰਗਟਾਵਾ ਕਰਦਿਆਂ ਜਮਹੂਰੀ ਅਧਿਕਾਰ ਸਭਾ ਇਕਾਈ ਸੰਗਰੂਰ ਦੇ ਇਕਾਈ ਪਧਾਨ ਜਗਜੀਤ ਭੁਟਾਲ, ਸਕੱਤਰ ਕੁਲਦੀਪ ਸਿੰਘ ਤੇ ਮਨਧੀਰ ਸਿੰਘ, ਜੁਝਾਰ ਲੌਂਗੋਵਾਲ, ਕੁਲਵਿੰਦਰ ਬੰਟੀ, ਬਸੇਸਰ ਰਾਮ, ਸਵਰਨਜੀਤ ਸਿੰਘ ਨੇ ਕਿਹਾ ਕਿ ਪ੍ਰਗਤੀਸ਼ੀਲ ਧਾਰਾ ਦੇ ਉੱਘੇ ਕਵੀ/ਲਿਖਾਰੀ ਡਾਕਟਰ ਸੁਰਜੀਤ ਪਾਤਰ 1960 ਤੋਂ ਲਗਾਤਾਰ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਆ ਰਹੇ ਸਨ। ਉਨ੍ਹਾਂ ਦੀ ਕਵਿਤਾ ਹਮੇਸ਼ਾ ਮਜ਼ਦੂਰ, ਕਿਸਾਨਾਂ ਤੇ ਆਮ ਲੋਕਾਂ ਦੀ ਨੁਮਾਇੰਦਗੀ ਕਰਦੀ ਰਹੀ ਹੈ, ਜਿਸ ਨੇ ਪੰਜਾਬੀ ਕਵਿਤਾ ਨੂੰ ਵਿਸ਼ਵ ਪੱਧਰ ਦੇ ਹਾਣ ਦੀ ਬਣਾਇਆ। ਉਨ੍ਹਾਂ ਦੀਆਂ ਨਜ਼ਮਾਂ ਆਮ ਲੋਕਾਂ ਦੀ ਜ਼ਿੰਦਗੀ ਦੀ ਬਾਤ ਪਾਉਂਦੀਆਂ ਹਨ, ਜੋ ਰਹਿੰਦੀ ਦੁਨੀਆ ਤੱਕ ਆਮ ਲੋਕ

13-MAY-PAGE-11-Majha-24.qxd 5/12/2024 10:36 PM Page 1

ਕਾਮਰੇਡ ਗੁਰਦਿਆਲ ਸਿੰਘ ਦੀ ਸ਼ਾਨਦਾਰ ਜਿੱਤ ਹੋਵੇਗੀ : ਸੁਖਦੇਵ ਸਿੰਘ ਕੋਟ

ਝਬਾਲ (ਹਰਜਿੰਦਰ ਸਿੰਘ ਸੋਨੀ)-ਸੀਪੀਆਈ ਤੇ ਸੀਪੀਐੱਮ ਹਲਕਾ ਖਡੂਰ ਸਾਹਿਬ ਦੇ ਸਾਂਝੇ ਉਮੀਦਵਾਰ ਗੁਰਦਿਆਲ ਸਿੰਘ ਖਡੂਰ ਸਾਹਿਬ ਦੇ ਹੱਕ ਵਿੱਚ ਜ਼ੋਰਦਾਰ ਮਹਿੰਮ ਚਲਾਉਣ ਲਈ ਪੰਜਾਬ ਖੇਤ ਮਜ਼ਦੂਰ ਸਭਾ ਵੱਲੋਂ ਪਿੰਡ ਨੌਸ਼ਹਿਰਾ ਢਾਲਾ ਦੀ ਮੀਟਿੰਗ ਸਾਥੀ ਬਲਦੇਵ ਸਿੰਘ ਨੌਸ਼ਹਿਰਾ ਢਾਲਾ ਦੀ ਪ੍ਰਧਾਨਗੀ ਹੇਠ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ, ਜ਼ਿਲ੍ਹਾ ਆਗੂ ਕਾਮਰੇਡ ਸਲੱਖਣ ਸਿੰਘ ਗੰਡੀਵਿੰਡ ਅਤੇ ਕਾਮਰੇਡ ਅਸ਼ੋਕ ਕੁਮਾਰ ਸੋਹਲ ਨੇ ਕਿਹਾ ਕਿ ਕਮਿਊਨਿਸਟ ਪਹਿਲਾਂ ਵੀ ਇਸ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਰਹਿ ਚੁੱਕੇ ਹਨ। ਕਾਮਰੇਡ ਦਰਸ਼ਨ ਸਿੰਘ ਝਬਾਲ ਇਸ ਹਲਕੇ ਤੋਂ ਲੋਕਾਂ ਦੀ ਸੇਵਾ ਕੀਤੀ। ਇਹ ਇਲਾਕਾ ਕਮਿਊਨਿਸਟਾਂ ਦਾ ਗੜ੍ਹ ਹੈ। ਇਸ ਲਈ ਗੁਰਦਿਆਲ ਸਿੰਘ ਨੂੰ ਇਸ ਇਲਾਕੇ ਵਿੱਚੋਂ ਵੱਡੀ ਚੜ੍ਹਤ ਮਿਲੇਗੀ। ਆਗੂਆਂ ਨੇ ਕਿਹਾ ਕਿ ਕਮਿਊਨਿਸਟ ਹੀ ਪਾਰਲੀਮੈਂਟ ਵਿੱਚ ਲੋਕਾਂ ਦੇ ਹੱਕਾਂ ਦੀ ਆਵਾਜ਼ ਬੁਲੰਦ ਕਰ ਸਕਦੇ ਹਨ। ਕਮਿਊਨਿਸਟਾਂ ਨੇ ਹੀ ਕਾਂਗਰਸ ਵੇਲੇ ਨਰੇਗਾ ਕਾਨੂੰਨ ਬਣਵਾਇਆ ਸੀ। ਜੇ ਹੁਣ ਤੁਸੀਂ ਕਾਮਰੇਡ ਗੁਰਦਿਆਲ ਸਿੰਘ ਨੂੰ ਵੋਟਾਂ ਪਾ ਕੇ ਵਿਧਾਨ ਸਭਾ ਵਿੱਚ ਭੇਜੋਗੇ ਤਾਂ ਉਹ ਇੰਡੀਆ ਗੱਠਜੋੜ ਅਧੀਨ ਬਣੀ ਕੇਂਦਰ ਸਰਕਾਰ ਤੋਂ ਮਨਰੇਗਾ ਕਾਮਿਆਂ ਲਈ ਪੂਰਾ ਸਾਲ ਕੰਮ ਅਤੇ ਕੰਮ ਦਿਹਾੜੀ ਇੱਕ ਹਜ਼ਾਰ ਰੁਪਏ ਕਰਵਾਉਣ ਲਈ ਜੱਦੋਜਹਿਦ ਕਰੇਗਾ ਅਤੇ ਨਾਂਜਵਾਨਾਂ ਲਈ ਰੋਜ਼ਗਾਰ ਅਤੇ ਵਿਦਿਆਰਥੀਆਂ ਲਈ ਮੁਫਤ ਵਿੱਦਿਆ ਦੀ ਆਵਾਜ਼ ਉਠਾਵੇਗਾ। ਗੁਰਦਿਆਲ ਸਿੰਘ ਦਾ ਚੋਣ ਨਿਸ਼ਾਨ ਦਾਤਰੀ ਸਿੱਟਾ ਹੈ। ਤੁਸੀ ਇੱਕ ਜੂਨ ਵਾਲੇ ਦਿਨ 'ਦਾਤਰੀ ਸਿੱਟੇ' ਦਾ ਬਟਨ ਦਬਾ ਕੇ ਉਸ ਨੂੰ ਕਾਮਯਾਬ ਕਰੋ। ਇਸ ਮੌਕੇ ਬੂਟਾ ਸਿੰਘ, ਸੁਖਦੇਵ ਸਿੰਘ, ਜਸਬੀਰ ਕੌਰ, ਬਲਜਿੰਦਰ ਸਿੰਘ ਬਿੱਟੂ, ਲਖਬੀਰ ਸਿੰਘ, ਬੀਰ ਸਿੰਘ, ਸੁੱਖ, ਬਲਵਿੰਦਰ ਕੌਰ, ਸੰਦੀਪ ਕੌਰ, ਸਵਿੰਦਰ ਕੌਰ, ਕੁਲਵਿੰਦਰ ਕੌਰ, ਕੰਵਲਜੀਤ ਕੌਰ ਆਦਿ ਹਾਜ਼ਰ ਸਨ।

ਏਕਮ ਜੋਤ ਸਿੰਘ ਨੇ ਕਰਾਟੇ ਚੈਂਪੀਅਨਸ਼ਿਪ 'ਚ ਜਿੱਤਿਆ ਸੋਨ ਤਮਗਾ

ਗੁਰਦਾਸਪੁਰ (ਜਨਕ ਮਹਾਜਨ)-ਬੀਤੇ ਦਿਨੀਂ ਦੁਬਈ ਦੇ ਕੈਂਟ ਕਾਲਜ ਵਿੱਚ ਹੋਈ ਬੁਡੋਕਨ ਕੱਪ ਇੰਟਰਨੈਸ਼ਨਲ ਕਰਾਟੇ ਚੈਂਪੀਅਨਸ਼ਿਪ ਜਿਸ ਵਿੱਚ ਸੰਸਾਰ ਭਰ ਦੇ ਵੱਖ-ਵੱਖ ਦੇਸ਼ਾਂ ਦੇ 2000 ਦੇ ਕਰੀਬ ਖਿਡਾਰੀਆਂ ਨੇ ਭਾਗ ਲਿਆ, 'ਚ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਉੱਚਾ ਧਕਾਲਾ ਦੇ ਏਕਮ ਜੋਤ ਸਿੰਘ ਪੁੱਤਰ ਐੱਨਆਰਆਈ ਨਿਰਮਲ ਸਿੰਘ ਨੇ ਸੋਨ ਤਮਗਾ ਜਿੱਤ ਕੇ ਆਪਣੇ ਦੇਸ਼ ਭਾਰਤ, ਪੰਜਾਬ ਅਤੇ ਆਪਣੇ ਮਾਤਾ-ਪਿਤਾ ਤੋਂ ਇਲਾਵਾ ਆਪਣੇ ਜ਼ਿਲ੍ਹੇ ਅਤੇ ਆਪਣੇ ਸਕੂਲ ਦਾ ਨਾਂਅ ਵੀ ਰੌਸ਼ਨ ਕੀਤਾ। ਦਿੱਲੀ ਪਬਲਿਕ ਸਕੂਲ ਗੁਰਦਾਸਪੁਰ ਦੇ ਛੇਵੀਂ ਜਮਾਤ ਵਿੱਚ ਪੜ੍ਹਦੇ ਏਕਮ ਜੋਤ ਸਿੰਘ ਚੌਹਾਨ ਨੇ ਦੱਸਿਆ ਕਿ ਉਸ ਨੇ ਆਪਣੇ ਕੋਚ ਸੈਨਮਈ ਗੁਰਵੰਤ ਸਿੰਘ ਦੀ ਰਹਿਨੁਮਾਈ ਵਿੱਚ ਟਰੇਨਿੰਗ ਲੈ ਕੇ ਅਤੇ ਆਪਣੇ ਕੋਚ ਦੀ ਅਗਵਾਈ ਹੇਠ ਸਬ ਜੂਨੀਅਰ ਈਵੈਂਟ ਵਿੱਚ ਸੋਨ ਤਮਗਾ ਅਤੇ ਕਮੀਤੇ ਵਿੱਚ ਵੀ ਸੋਨ ਤਮਗਾ ਜਿੱਤਿਆ ਹੈ। ਏਕਮ ਜੋਤ ਦੀ ਮਾਂ ਰੁਪਿੰਦਰ ਕੌਰ ਚੌਹਾਨ ਨੇ ਦੱਸਿਆ ਕਿ ਉਸ ਦਾ ਪੁੱਤਰ ਏਕਮ ਜੋਤ ਸਿੰਘ ਚੌਹਾਨ ਪੜ੍ਹਾਈ ਵਿੱਚ ਵੀ ਚੰਗੇ ਅੰਕ ਲੈ ਕੇ ਹਰ ਸਾਲ ਪਾਸ ਹੁੰਦਾ ਹੈ ਅਤੇ ਉਸਦੀ ਖੇਡਾਂ ਵਿੱਚ ਵੀ ਬਹੁਤ ਰੁਚੀ ਹੈ। ਉਸ ਨੇ ਦੱਸਿਆ ਕਿ ਸਾਨੂੰ ਆਪਣੇ ਪੁੱਤਰ 'ਤੇ ਮਾਣ ਹੈ ਜਿਸ ਨੇ ਆਪਣੇ ਦੇਸ਼ ਦਾ ਝੰਡਾ ਦੁਬਈ ਵਿੱਚ ਉੱਚਾ ਕਰਕੇ ਪੰਜਾਬ ਅਤੇ ਆਪਣੇ ਜ਼ਿਲ੍ਹੇ ਗੁਰਦਾਸਪੁਰ ਅਤੇ ਆਪਣੇ ਪਿੰਡ ਉੱਚੇ ਧਕਾਲੇ ਦਾ ਨਾਮ ਰੌਸ਼ਨ ਕਰਨ ਦੇ ਨਾਲ ਆਪਣੇ ਸਕੂਲ ਦਾ ਨਾਂਅ ਵੀ ਰੌਸ਼ਨ ਕੀਤਾ ਹੈ।

ਸਕੂਲਾਂ 'ਚ ਬੱਚਿਆਂ ਨੂੰ ਮਿੱਡ-ਡੇ-ਮੀਲ ਹਫਤਾਵਾਰੀ ਮੀਨੂੰ ਅਨੁਸਾਰ ਦੇਣ ਦੀ ਮੰਗ

* ਚੰਦ ਛਿੱਲੜਾਂ ਦੀ ਖਾਤਰ ਬੱਚੇ ਪੌਸ਼ਟਿਕ ਭੋਜਨ ਤੋਂ ਰੱਖੇ ਜਾਂਦੇ ਨੇ ਵਾਂਝੇ

ਵੇਰਕਾ (ਹਰਬਿੰਦਰ ਸਿੰਘ ਰਾਣਾ)-ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਹਫਤਾਵਾਰੀ ਮੀਨੂੰ ਅਨੁਸਾਰ ਕੁਝ ਇਕ ਸਕੂਲਾਂ ਵੱਲੋਂ ਮਿੱਡ-ਡੇ-ਮੀਲ ਖਾਣਾ ਨਹੀਂ ਦਿੱਤਾ ਜਾ ਰਿਹਾ। ਉਨ੍ਹਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਆਪਣੀ ਮਨਮਰਜ਼ੀ ਮੁਤਾਬਿਕ ਮਿੱਡ-ਡੇ-ਮੀਲ ਖਾਣਾ ਖੁਆਇਆ ਜਾਂਦਾ ਹੈ ਜੋ ਸਰਕਾਰੀ ਸਕੂਲਾਂ ਵਿੱਚ ਪੜ੍ਹਨ ਵਾਲੇ ਗਰੀਬ ਤੇ ਲੋੜਵੰਦ ਵਿਦਿਆਰਥੀਆਂ ਨਾਲ ਕੁਦਰਤੀ ਨਿਆਂ ਵਜੋਂ ਵੀ ਬੜਾ ਗਲਤ ਹੈ। ਇਸ ਸੰਬੰਧੀ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਜ਼ਿਲਾ ਪ੍ਰਧਾਨ ਸਤਿੰਦਰ ਸਿੰਘ ਸਰਕਾਰੀਆ, ਪ੍ਰਿੰ. ਜਗਤਾਰ ਸਿੰਘ ਮਜੀਠਾ, ਲੈਕਚਰਾਰ ਮੁਖਤਿਆਰ ਸਿੰਘ ਸਹੋਤਾ ਅਤੇ ਸੂਬਾਈ ਪ੍ਰੈੱਸ ਸਕੱਤਰ ਹਰਬਿੰਦਰ ਸਿੰਘ ਰਾਣਾ (ਖੁਸੀਪੁਰ) ਨੇ ਰਾਜ ਦੇ ਮਾਨਯੋਗ ਮੁੱਖ ਮੰਤਰੀ ਪੰਜਾਬ ਸਰਕਾਰ, ਮਾਨਯੋਗ ਪ੍ਰਬੰਧਕੀ ਸਿੱਖਿਆ ਸਕੱਤਰ ਪੰਜਾਬ ਸਰਕਾਰ ਚੰਡੀਗੜ੍ਹ, ਜਨਰਲ ਮੈਨੇਜਰ ਪੰਜਾਬ ਮਿੱਡ-ਡੇ-ਮੀਲ ਸੋਸਾਇਟੀ ਅਜੀਤਗੜ੍ਹ, ਜ਼ਿਲਾ ਮੈਜਿਸਟ੍ਰੇਟ ਅੰਮ੍ਰਿਤਸਰ ਅਤੇ ਜ਼ਿਲਾ ਸਿੱਖਿਆ ਅਫਸਰ (ਐਲੀ:/ਸੈ:) ਅੰਮ੍ਰਿਤਸਰ ਪਾਸੋਂ ਪੰਜਾਬ ਸਟੇਟ ਮਿੱਡ-ਡੇ-ਮੀਲ ਸੋਸਾਇਟੀ ਅਜੀਤਗੜ੍ਹ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਵਿੱਚ ਦਰਸਾਏ ਗਏ ਹਫਤਾਵਾਰੀ ਮੀਨੂੰ ਅਨੁਸਾਰ ਹੀ ਬੱਚਿਆਂ ਨੂੰ ਮਿੱਡ-ਡੇ-ਮੀਲ ਖਾਣਾ ਦਿੱਤੇ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਮਿੱਡ-ਡੇ-ਮੀਲ ਸੋਸਾਇਟੀ ਅਜੀਤਗੜ੍ਹ ਵੱਲੋਂ ਜਾਰੀ ਕੀਤੀਆਂ ਗਈਆਂ ਹਦਾਇਤਾਂ/ਮਿੱਡ-ਡੇ-ਮੀਲ ਮੀਨੂੰ ਮੁਤਾਬਿਕ ਕ੍ਰਮਵਾਰ ਸੋਮਵਾਰ ਦਾਲ (ਮੌਸਮੀ ਸਬਜ਼ੀਆਂ ਮਿਲਾ ਕੇ) ਅਤੇ ਰੋਟੀ, ਮੰਗਲਵਾਰ ਰਾਜਮਾਂਹ ਅਤੇ ਚਾਵਲ, ਬੁੱਧਵਾਰ ਕਾਲੇ ਚਨੇ/ਚਿੱਟੇ ਚਨੇ (ਆਲੂ ਮਿਲਾ ਕੇ) ਅਤੇ ਪੂਰੀ/ਰੋਟੀ, ਵੀਰਵਾਰ ਕੜ੍ਹੀ (ਆਲੂ ਅਤੇ ਪਿਆਜ਼ ਦੇ ਪਕੌੜਿਆਂ ਸਮੇਤ) ਅਤੇ ਚਾਵਲ, ਸ਼ੁੱਕਰਵਾਰ ਮੌਸਮੀ ਸਬਜ਼ੀ ਅਤੇ ਰੋਟੀ, ਸ਼ਨੀਵਾਰ ਦਾਲ (ਮੌਸਮੀ ਸਬਜ਼ੀਆਂ ਮਿਲਾ ਕੇ) ਅਤੇ ਚਾਵਲ ਅਤੇ ਮੌਸਮੀ ਫਲ, ਇਸ ਤੋਂ ਇਲਾਵਾ ਸਕੂਲਾਂ ਵਿੱਚ ਹਫਤੇ ਦੌਰਾਨ ਕਿਸੇ ਵੀ ਦਿਨ ਮਿੱਡ-ਡੇ-ਮੀਲ ਦੇ ਖਾਣੇ ਨਾਲ ਸਵੀਟਡਿੱਸ਼ ਦੇ ਤੌਰ 'ਤੇ ਖੀਰ ਦਿੱਤੀ ਜਾਣੀ ਹੈ। ਇਹ ਮੀਨੂੰ 1 ਮਈ 2024 ਤੋਂ 31 ਮਈ 2024 ਤੱਕ ਲਾਗੂ ਕੀਤਾ ਗਿਆ ਹੈ।

ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨਾ ਯਕੀਨੀ ਹੈ। ਪ੍ਰੰਤੂ ਉਨ੍ਹਾਂ ਕਿਹਾ ਕਿ ਕੁਝ ਇਕ ਸਕੂਲ ਮੁਖੀਆਂ ਵੱਲੋਂ ਚੰਦ ਛਿੱਲੜਾਂ ਦੀ ਖਾਤਰ ਬੱਚਿਆਂ ਨੂੰ ਸਰਕਾਰ ਦੇ ਅਨੁਸਾਰ ਪੌਸ਼ਟਿਕ ਅਹਾਰ ਨਾ ਮੁਹੱਈਆ ਕਰਵਾ ਕੇ ਉਪਰੋਕਤ ਨਿਯਮਾਂ ਦੀ ਸ਼ਰੇਆਮ ਉਲੰਘਣਾ ਕੀਤੀ ਜਾ ਰਹੀ ਹੈ। ਇੱਥੇ ਹੀ ਬੱਸ ਨਹੀਂ, ਕਈ ਸਕੂਲ ਤਾਂ ਬੱਚਿਆਂ ਦੀ ਬੋਗਸ/ਜਾਅਲੀ ਹਾਜ਼ਰੀ ਦਿਖਾ ਕੇ ਚੋਖੀ ਲੁੱਟ ਕਰਦੇ ਹਨ।

ਇਸ ਬਾਬਤ ਸਮਾਜਿਕ ਨਿਆਂ, ਸਸ਼ਕਤੀਕਰਨ ਵੈੱਲਫੇਅਰ ਐਸੋਸੀਏਸ਼ਨ ਅੰਮ੍ਰਿਤਸਰ (ਪੰਜਾਬ) ਦੇ ਉਕਤ ਜਥੇਬੰਦਕ ਆਗੂਆਂ ਨੇ ਬੱਚਿਆਂ ਦੇ ਹੁੰਦੇ ਸ਼ੋਸ਼ਣ ਨੂੰ ਤੁਰੰਤ ਠੱਲ੍ਹ ਪਾਉਣ ਅਤੇ ਸਰਕਾਰ ਦੇ ਨਿਯਮਾਂ ਅਨੁਸਾਰ ਉਨ੍ਹਾਂ ਨੂੰ ਪੌਸ਼ਟਿਕ ਭੋਜਨ ਮਿਲੇ, ਯਕੀਨਨ ਕਰਨ ਦੀ ਮੰਗ ਕੀਤੀ ਹੈ।

ਕੁਲਬੀਰ ਸਿੰਘ ਜ਼ੀਰਾ ਦੇ ਹੱਕ 'ਚ ਵਿਸ਼ਾਲ ਰੋਡ ਸ਼ੋਅ ਕੱਢਿਆ

ਜੰਡਿਆਲਾ ਗੁਰੂ (ਹਰਿਦਰ ਪਾਲ ਸਿੰਘ)-ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਕਾਂਗਰਸ ਦੇ ਉਮੀਦਵਾਰ ਕੁਲਬੀਰ ਸਿੰਘ ਜ਼ੀਰਾ ਦੇ ਹੱਕ ਵਿੱਚ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੁੰਡਾਲਾ ਦੀ ਅਗਵਾਈ ਵਿਚ ਇਕ ਵਿਸ਼ਾਲ ਰੋਡ ਸ਼ੋਅ ਕੱਢਿਆ ਗਿਆ, ਜਿਸ ਵਿੱਚ ਗੁਰਜੀਤ ਸਿੰਘ ਰਾਣਾ ਅਤੇ ਜਸਬੀਰ ਸਿੰਘ ਡਿਪਾ ਖਾਸ ਤੌਰ ਤੇ ਪੁਹੰਚੇ। ਇਹ ਗੱਡੀਆਂ ਦਾ ਕਾਫਲਾ ਅਨਾਜ ਮੰਡੀ ਤੋਂ ਸ਼ੁਰੂ ਹੋ ਕੇ ਹਲਕਾ ਦੇ ਕਈ ਪਿੰਡਾਂ ਵਿੱਚੋ ਨਿਕਲਿਆ।

ਇਸ ਮੌਕੇ ਸਮੂਹ ਕਾਂਗਰਸੀ ਵਰਕਰਾਂ ਵਲੋਂ ਜੰਡਿਆਲਾ ਦੇ ਘਾਹ ਮੰਡੀ ਚੌਕ ਵਿਚ ਪਹੁੰਚਣ ਤੇ ਫੁੱਲਾਂ ਦੀ ਵਰਖਾ ਕੀਤੀ ਗਈ ਅਤੇ ਸਿਰੋਪੇ ਤੇ ਫੁੱਲਾਂ ਦੇ ਹਾਰ ਪਾ ਕੇ ਉਨ੍ਹਾਂ ਦਾ ਖੁੱਲ੍ਹੇ ਦਿਲਾਂ ਨਾਲ ਸਵਾਗਤ ਕੀਤਾ ਗਿਆ।

ਇਸ ਮੌਕੇ ਸਾਬਕਾ ਕੌਂਸਲਰ ਭੁਪਿੰਦਰ ਸਿੰਘ ਹੈਪੀ, ਓਬੀਸੀ ਦੇ ਪੰਜਾਬ ਪ੍ਰਧਾਨ ਸੋਨੂ ਜੰਡਿਆਲਾ, ਕੌਂਸਲਰ ਚਰਨਜੀਤ ਸਿੰਘ ਟੀਟੋ, ਕੌਂਸਲਰ ਜਤਿੰਦਰ ਸਿੰਘ ਨਾਟੀ, ਐਡਵੋਕੇਟ ਅਮਨਦੀਪ ਸਿੰਘ ਮਲਹੋਤਰਾ, ਪ੍ਰਭਜੋਤ ਮਲਹੋਤਰਾ, ਹੈਰੀ ਸੇਠੀ, ਨਿੰਮਾ ਅਤੇ ਵੱਡੀ ਗਿਣਤੀ ਵਿਚ ਜੰਡਿਆਲਾ ਸ਼ਹਿਰ ਨਿਵਾਸੀ ਹਾਜ਼ਰ ਸਨ। .

ਨਾਵਲ 'ਬਲਦੇ ਰਾਹ' 'ਤੇ ਗੋਸ਼ਟੀ ਤੇ ਲੋਕ ਕਵੀ ਸੀਸਮ ਸਿੰਘ ਸੰਧੂ ਦਾ ਵਿਸ਼ੇਸ਼ ਸਨਮਾਨ

ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਲੋਕ ਲਿਖਾਰੀ ਸਭਾ ਗੁਰਦਾਸਪੁਰ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ ਅਤੇ ਜ਼ਿਲ੍ਹਾ ਸਾਹਿਤ ਕੇਂਦਰ ਗੁਰਦਾਸਪੁਰ ਦੇ ਸਹਿਯੋਗ ਨਾਲ ਰਾਮ ਸਿੰਘ ਦੱਤ ਯਾਦਗਾਰੀ ਹਾਲ ਵਿਖੇ ਡਾਕਟਰ ਗੁਰਬੀਰ ਸਿੰਘ ਦੇ ਨਾਵਲ 'ਬਲਦੇ ਰਾਹ' ਉੱਤੇ ਅਰਥ ਭਰਪੂਰ ਗੋਸ਼ਟੀ ਕਰਵਾਈ ਅਤੇ ਲੋਕ ਕਵੀ ਸੀਸਮ ਸਿੰਘ ਸੰਧੂ ਮੁਲਾਂਵਾਲ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਅਤੇ ਕਵੀ ਦਰਬਾਰ ਕਰਵਾਇਆ ਗਿਆ। ਇਸ ਮੌਕੇ ਹਾਜ਼ਰ ਸਾਹਿਤਕਾਰਾਂ, ਚਿੰਤਕਾਂ, ਕਵੀਆਂ ਅਤੇ ਸਾਹਿਤ ਪ੍ਰੇਮੀਆਂ ਦੀ ਰਹਿਨੁਮਾਈ, ਸੁਲੱਖਣ ਸਰਹੱਦੀ, ਦੇਵਿੰਦਰ ਦੀਦਾਰ, ਮੱਖਣ ਕੁਹਾੜ, ਡਾਕਟਰ ਰਜਵਿੰਦਰ ਕੌਰ ਨਾਗਰਾ, ਤਰਸੇਮ ਸਿੰਘ ਭੰਗੂ, ਗੁਰਮੀਤ ਸਿੰਘ ਬਾਜਵਾ ਅਤੇ ਗੁਰਪ੍ਰੀਤ ਸਿੰਘ ਰੇਗੀਲਪੁਰ ਦੇ ਪ੍ਰਧਾਨਗੀ ਮੰਡਲ ਨੇ ਕੀਤੀ। ਸਭਾ ਦੇ ਵਿੱਤ ਸਕੱਤਰ ਬੂਟਾ ਰਾਮ ਆਜ਼ਾਦ ਨੇ ਹਾਜ਼ਰ ਅਦੀਬਾਂ ਨੂੰ ਜੀ ਆਇਆਂ ਆਖਿਆ। ਵਿਜੇ ਅਗਨੀਹੋਤਰੀ ਦੇ ਇਨਕਲਾਬੀ ਗੀਤ ਨਾਲ ਪ੍ਰੋਗਰਾਮ ਦਾ ਵਿਧੀਵਤ ਆਗਾਜ਼ ਕੀਤਾ ਗਿਆ। ਪਹਿਲੇ ਪੜਾਅ ਵਿੱਚ ਡਾਕਟਰ ਲੇਖ ਰਾਜ ਅਤੇ ਡਾਕਟਰ ਰਜਵਿੰਦਰ ਕੌਰ ਨਾਗਰਾ ਨੇ ਨਾਵਲ 'ਬਲਦੇ ਰਾਹ' ਉਪਰ ਭਾਵਪੂਰਤ ਪੇਪਰ ਪੜ੍ਹੇ। ਬੀਤੇ ਸਮੇਂ ਵਿੱਚ ਪੰਜਾਬ ਦੀ ਸਰਜ਼ਮੀਨ 'ਤੇ ਝੁੱਲੀ ਕਾਲੀ ਹਨ੍ਹੇਰੀ ਦੀ ਪਿੱਠ ਭੂਮੀ ਵਿੱਚ ਉਸਾਰੇ ਗਏ ਕਥਾਨਕ ਨੂੰ ਵਿਦਵਾਨਾਂ ਨੇ ਆਪੋ ਆਪਣੇ ਨੁਕਤਾ ਨਿਗਾਹ ਤੋਂ ਵਾਚਿਆ ਤੇ ਪੜਚੋਲਿਆ। ਚਰਚਾ ਵਿੱਚ ਭਾਗ ਲੈਂਦਿਆਂ ਸੁਲੱਖਣ ਸਰਹੱਦੀ, ਮੱਖਣ ਕੁਹਾੜ, ਡਾਕਟਰ ਸੁਰਿੰਦਰ ਸ਼ਾਂਤ, ਮੰਗਤ ਚੰਚਲ ਅਤੇ ਗੁਰਪ੍ਰੀਤ ਰੇਗੀਲਪੁਰ ਨੇ ਜਿੱਥੇ ਗੁਰਬੀਰ ਸਿੰਘ ਦੀ ਮਿਹਨਤ ਤੇ ਸਿਰੜ ਨੂੰ ਸਰਾਹਿਆ ਓਥੇ ਹੋਰ ਬਿਹਤਰ ਕਰਨ ਲਈ ਸੁਝਾਅ ਵੀ ਦਿੱਤੇ। ਨਾਵਲ ਨੂੰ ਲਿਪੀਬੱਧ ਕਰਨ ਲਈ ਡਾ. ਗੁਰਬੀਰ ਸਿੰਘ ਵੱਲੋਂ ਆਪਣੀ ਸਹਾਇਕ ਮਨਿੰਦਰ ਕੌਰ ਬਾਜਵਾ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਦੂਜੇ ਪੜਾਅ ਵਿੱਚ ਲੋਕ ਕਵੀ ਸੀਸਮ ਸਿੰਘ ਸੰਧੂ ਮੁੱਲਾਂਵਾਲ ਨੂੰ ਆਪਣੀਆਂ ਕਵਿਤਾਵਾਂ ਰਾਹੀਂ ਸਮਾਜ ਨੂੰ ਜਾਗਰੂਕ ਕਰਨ ਅਤੇ ਤਾ-ਉਮਰ ਲੋਕ ਸੰਘਰਸ਼ਾਂ ਵਿੱਚ ਮੋਹਰੀ ਰੋਲ ਨਿਭਾਉਣ ਲਈ ਦੁਸ਼ਾਲਾ, ਸਨਮਾਨ ਚਿੰਨ੍ਹ ਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸੀਸਮ ਸਿੰਘ ਦੇ ਪੁੱਤਰ ਜਰਮਨਜੀਤ ਸਿੰਘ ਅਤੇ ਪੁੱਤਰੀ ਬਲਵਿੰਦਰ ਕੌਰ ਨੇ ਆਪਣੇ ਪਿਤਾ ਦੀ ਸੰਘਰਸ਼ਮਈ ਜ਼ਿੰਦਗੀ ਦੀਆਂ ਕਈ ਘਟਨਾਵਾਂ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ। ਉਪਰੋਕਤ ਦੋ ਪੜਾਵਾਂ ਦਾ ਸੰਚਾਲਨ ਸਭਾ ਦੇ ਜ. ਸਕੱਤਰ ਸੀਤਲ ਸਿੰਘ ਗੁੰਨੋਪੁਰੀ ਨੇ ਬਾਖੂਬੀ ਕੀਤਾ। ਤੀਜੇ ਪੜਾਅ ਵਿੱਚ ਹਾਜ਼ਰ ਕਵੀਆਂ ਤੇ ਅਧਾਰਿਤ ਪ੍ਰਭਾਵਸ਼ਾਲੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਦਾ ਸੰਚਾਲਨ ਮੰਗਤ ਚੰਚਲ ਵੱਲੋਂ ਕੀਤਾ ਗਿਆ। ਸੁਲੱਖਣ ਸਰਹੱਦੀ, ਜਸਵੰਤ ਹਾਂਸ, ਸੁਭਾਸ਼ ਦੀਵਾਨਾ, ਲਖਣ ਮੇਘੀਆਂ, ਮਨਭਾਵਨ ਸਿੰਘ, ਪ੍ਰੀਤ ਰਾਣਾ, ਰਘਬੀਰ ਚਾਹਲ, ਮਹੇਸ਼ ਚੰਦਰਭਾਨੀ, ਹਰਪਾਲ ਸਿੰਘ ਬੈਂਸ, ਵਿਜੇ ਤਾਲਿਬ, ਤਰਸੇਮ ਸਿੰਘ ਭੰਗੂ, ਸੁੱਚਾ ਸਿੰਘ ਪਸਨਾਵਾਲ, ਡਾ, ਲੇਖ ਰਾਜ, ਬੂਟਾ ਰਾਮ ਆਜ਼ਾਦ, ਗੋਪਾਲ ਫਿਰੋਜਪੁਰੀ, ਮੰਗਤ ਚੰਚਲ, ਸੀਤਲ ਸਿੰਘ ਗੁੰਨੋਪੁਰੀ, ਮਮਤਾ ਅਤਰੀ, ਜਸਵਿੰਦਰ ਅਨਮੋਲ, ਕੁਲਜੀਤ ਸਿੰਘ ਰੰਧਾਵਾ, ਮਲਕੀਅਤ ਸੋਹਲ, ਹਰਜਿੰਦਰ ਸਿੰਘ ਛੀਨਾ, ਹੀਰਾ ਸਿੰਘ, ਰਮੇਸ਼ ਕੁਮਾਰ ਜਾਨੂੰ, ਨਿਸ਼ਾਨ ਸਿੰਘ ਜੌੜਾਸਿੰਘਾ, ਜਗਨਨਾਥ ਉੱਦੋਕੇ, ਗੁਰਮੀਤ ਬਾਜਵਾ, ਸੁਖਦੇਵ ਸਿੰਘ ਅਲਾਵਲਪੁਰ, ਕੁਲਰਾਜ ਖੋਖਰ, ਬੂਟਾ ਰਾਮ ਆਜ਼ਾਦ ਅਤੇ ਹੋਰ ਕਵੀਆਂ ਨੇ ਇਸ ਵਿਚ ਵਧ ਚੜ੍ਹ ਕੇ ਭਾਗ ਲਿਆ।

ਸਮਾਗਮ ਵਿੱਚ ਅਮਰ

13-May-PAGE-12.qxd 5/12/2024 10:35 PM Page 1

ਜਨਮ ਦਿਨ ਮੁਬਾਰਕ

ਕੈਵਿਨ ਬੱਧਣ, ਜਲੰਧਰ

ਸੰਜੋਗਪ੍ਰੀਤ ਕੌਰ ਨਹਿਲ

ਜਨਮ ਦਿਨ ਮੁਬਾਰਕ

ਭਾਈ ਰਣਜੀਤ ਸਿੰਘ ਅਤੇ ਰਮਨਦੀਪ ਕੌਰ ਵਾਸੀ ਪਿੰਡ ਬਾਬੋਵਾਲ, ਜ਼ਿਲ੍ਹਾ ਜਲੰਧਰ ਨੇ ਆਪਣੇ ਵਿਆਹ ਦੀ ਵਰ੍ਹੇਗੰਢ ਮਨਾਈ।

ਹਿਮਾਂਸ਼ੂ ਸ਼ਰਮਾ ਅਤੇ ਮਨੂੰ ਬਾਲਾ ਬਰਨਾਲਾ ਨੇ ਆਪਣੇ ਵਿਆਹ ਦੀ ਦੂਜੀ ਵਰ੍ਹੇਗੰਢ ਮਨਾਈ।

ਛੋਟੇ ਭਰਾ ਦੇ ਕਤਲ 'ਚ ਲੋੜੀਂਦਾ ਵੱਡਾ ਭਰਾ ਤੇਜ਼ਧਾਰ ਹਥਿਆਰ ਸਮੇਤ ਗ੍ਰਿਫਤਾਰ

ਭੁਲੱਥ, (ਮਨਪ੍ਰੀਤ ਸਿੰਘ)

ਬੀਤੇ ਦਿਨੀਂ ਨਡਾਲਾ ਵਿਖੇ ਇਕ ਭਰਾ ਵਲੋਂ ਆਪਣੇ ਹੀ ਭਰਾ ਦਾ ਕਥਿਤ ਤੌਰ 'ਤੇ ਕਤਲ ਕਰਕੇ ਉਸ ਦੀ ਲਾਸ਼ ਘਰ ਦੇ ਬੈਡ ਅੰਦਰ ਰੱਖਣ ਦੇ ਮਾਮਲੇ ਸੰਬੰਧੀ ਥਾਣਾ ਸੁਭਾਨਪੁਰ ਵਿਖੇ ਦਰਜ ਹੋਏ ਕਤਲ ਦੇ ਮਾਮਲੇ ਨੂੰ 24 ਘੰਟਿਆਂ 'ਚ ਹੱਲ ਕਰਦੇ ਹੋਏ ਪੁਲਸ ਨੇ ਮਾਮਲੇ ਵਿਚ ਲੋੜੀਂਦੇ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਐਸ. ਪੀ. ਡੀ. ਸਰਬਜੀਤ ਰਾਏ ਤੇ ਡੀ. ਐਸ. ਪੀ. ਭੁਲੱਥ ਸੁਰਿੰਦਰਪਾਲ ਧੋਗੜੀ ਨੇ ਦੱਸਿਆ ਕਿ ਕਥਿਤ ਦੋਸ਼ੀ ਕੁਲਵਿੰਦਰ ਸਿੰਘ ਉਰਫ ਮੰਗਾ ਵਾਸੀ ਨਡਾਲਾ ਕਾਲੋਨੀ ਹਾਲ ਵਾਸੀ ਡੇਰਾਬੱਸੀ ਵਲੋਂ ਆਪਣੇ ਛੋਟੇ ਭਰਾ ਸੁਖਵਿੰਦਰ ਸਿੰਘ ਉਰਫ ਨਿੱਕਾ ਵਾਸੀ ਨਡਾਲਾ ਦਾ ਕਤਲ ਕਰਕੇ ਉਸ ਦੀ ਲਾਸ਼ ਘਰ ਦੇ ਬਾਕਸ ਬੈਡ 'ਚ ਬੰਦ ਕਰਨ ਉਪਰੰਤ ਹਮਲਾਵਰ ਮੌਕੇ ਤੋਂ ਫਰਾਰ ਹੋ ਗਏ ਸੀ। ਐਸ ਪੀ ਸਰਬਜੀਤ ਰਾਏ ਨੇ ਦੱਸਿਆ ਕਿ ਮ੍ਰਿਤਕ ਦੇ ਪਿਤਾ ਅਜੀਤ ਸਿੰਘ ਦੇ ਬਿਆਨਾਂ ਤਹਿਤ ਸੁਭਾਨਪੁਰ ਵਿਖੇ ਕੁਲਵਿੰਦਰ ਸਿੰਘ ਉਰਫ ਮੰਗਾ ਵਿਰੁੱਧ ਕਤਲ ਦਾ ਕੇਸ ਦਰਜ ਕਰਨ ਉਪਰੰਤ ਉਸ ਦੀ ਭਾਲ ਹੇਠ ਛਾਪੇਮਾਰੀ ਕੀਤੀ ਜਾ ਰਹੀ ਸੀ। ਜਿਸ 'ਤੇ ਥਾਣਾ ਸੁਭਾਨਪੁਰ ਮੁਖੀ ਇੰਸਪੈਕਟਰ ਹਰਦੀਪ ਸਿੰਘ ਤੇ ਨਡਾਲਾ ਚੌਕੀ ਇੰਚਾਰਜ ਦਲਵਿੰਦਰਬੀਰ ਸਿੰਘ 'ਤੇ ਆਧਾਰਤ ਵੱਖ-ਵੱਖ ਟੀਮਾਂ ਬਣਾਈਆਂ ਗਈਆਂ ਸਨ, ਜਿਨ੍ਹਾਂ ਨੇ ਬੀਤੇ ਦਿਨ ਉਕਤ ਕਥਿਤ ਦੋਸ਼ੀ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ 'ਚੋਂ ਵਾਰਦਾਤ ਲਈ ਵਰਤਿਆ ਗਿਆ ਦਾਤਰ ਵੀ ਬਰਾਮਦ ਕਰਕੇ ਇਸ ਮਾਮਲੇ ਨੂੰ ਹੱਲ ਕੀਤਾ ਹੈ।

18 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਨੌਜਵਾਨ ਕਾਬੂ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)- ਪੁਲਸ ਚੌਕੀ ਕੋਟ ਫਤੂਹੀ ਦੇ ਏ ਐਸ ਆਈ ਕੁਲਵੰਤ ਸਿੰਘ ਚੌਕੀ ਇੰਚਾਰਜ ਨੇ ਸਾਥੀ ਕਰਮਚਾਰੀਆਂ ਏ ਐਸ ਆਈ ਦਲਜੀਤ ਕੁਮਾਰ ਆਦਿ ਨਾਲ ਨਜ਼ਦੀਕੀ ਪਿੰਡ ਬਹਿਬਲਪੁਰ ਕੋਟ ਫਤੂਹੀ ਮਾਰਗ 'ਤੇ ਬਿਸਤ ਦੋਆਬ ਨਹਿਰ ਦੀਆਂ ਝਾੜੀਆਂ ਕੋਲ ਮੁਖਬਰ ਖਾਸ ਦੀ ਇਤਲਾਹ 'ਤੇ ਨਾਕਾਬੰਦੀ ਦੌਰਾਨ ਹਰਪ੍ਰੀਤ ਸਿੰਘ ਉਰਫ ਬੱਬੂ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਬਹਿਬਲਪੁਰ ਥਾਣਾ ਮਾਹਿਲਪੁਰ ਨੂੰ ਕਾਬੂ ਕਰਕੇ ਉਸ ਦੇ ਮੋਢੇ ਉੱਪਰ ਰੱਖੇ ਪਲਾਸਟਿਕ ਦੇ ਥੈਲੇ ਵਿੱਚੋਂ ਤਲਾਸ਼ੀ ਲੈਣ 'ਤੇ ਉਸ ਕੋਲੋਂ 18 ਬੋਤਲਾਂ ਸ਼ਰਾਬ ਮਾਰਕਾ ਸੰਤਰਾ ਫਾਰ ਸੇਲ ਇਨ ਹਿਮਾਚਲ ਪ੍ਰਦੇਸ਼ ਬਰਾਮਦ ਕਰਕੇ ਐਕਸਾਇਜ਼ ਐਕਟ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ।

ਸੁਪਰੀਮ ਕੋਰਟ ਵੱਲੋਂ ਕੇਜਰੀਵਾਲ ਦੀ ਜ਼ਮਾਨਤ ਲੋਕਤੰਤਰ ਦੇ ਹੱਕ 'ਚ ਵੱਡਾ ਫਤਵਾ : ਟੀਨੂੰ

ਜਲੰਧਰ, (ਸੁਰਿੰਦਰ ਕੁਮਾਰ)

ਆਮ ਆਦਮੀ ਪਾਰਟੀ ਵੱਲੋਂ ਜਲੰਧਰ ਲੋਕ ਸਭਾ ਹਲਕੇ ਤੋਂ ਐਲਾਨੇ ਉਮੀਦਵਾਰ ਪਵਨ ਟੀਨੂੰ ਨੇ ਅੱਜ ਪਿੰਦਰ ਪੰਡੋਰੀ ਹਲਕਾ ਇੰਚਾਰਜ, ਜਗਤਾਰ ਸਿੰਘ ਸੰਘੇੜਾ ਚੇਅਰਮੈਨ ਇੰਪਰੂਮੈਂਟ ਟਰੱਸਟ ਤੇ ਹੋਰਨਾਂ ਸੀਨੀਅਰ ਆਗੂਆਂ ਦੇ ਨਾਲ ਅਸੰਬਲੀ ਹਲਕਾ ਸ਼ਾਹਕੋਟ ਦੇ ਪਿੰਡਾਂ ਦਾ ਦੌਰਾ ਕੀਤਾ। ਅੱਜ ਦੇ ਦੌਰੇ ਦੌਰਾਨ ਪਵਨ ਟੀਨੂੰ ਵੱਲੋਂ ਪਿੰਡ ਸੀਚੇਵਾਲ ਵਿੱਚ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ ਦੇ ਡੇਰੇ ਵਿਖੇ ਨਤਮਸਤਕ ਹੋਣ ਉਪਰੰਤ ਸੰਤ ਬਲਬੀਰ ਸਿੰਘ ਸੀਚੇਵਾਲ ਨਾਲ ਮੁਲਾਕਾਤ ਕਰਕੇ ਅਸ਼ੀਰਵਾਦ ਲਿਆ। ਸੰਤਾਂ ਵੱਲੋਂ ਉਨ੍ਹਾਂ ਦੇ ਨਾਲ ਪੰਜਾਬ ਵਿੱਚ ਵਧ ਰਹੇ ਪ੍ਰਦੂਸ਼ਣ ਸਬੰਧੀ ਵੇਰਵੇ ਸਹਿਤ ਵਿਚਾਰ ਵਟਾਂਦਰਾ ਵੀ ਕੀਤਾ ਗਿਆ ਅਤੇ ਉਨ੍ਹਾਂ ਨੂੰ ਅਸਸ਼ੀਰਵਾਦ ਵੀ ਦਿੱਤਾ। ਪਵਨ ਟੀਨੂੰ ਵੱਲੋਂ ਪਿੰਡ ਢੰਡੋਵਾਲ, ਸੀਚੇਵਾਲ, ਈਦਾ, ਫਤਿਹਪੁਰ, ਬੰਸੀਆਂ, ਮਹਿਮਦਪੁਰ, ਪੂਨੀਆ, ਕੰਨੀਆਂ ਕਲਾਂ, ਦਾਨੇਵਾਲ, ਬਾਹੋਪੁਰ, ਮਹਿਮੋਵਾਲ, ਯੂਸਫਪੁਰ, ਬੱਲ ਨੌ ਆਦਿ ਪਿੰਡਾਂ ਦੇ ਵਾਸੀਆਂ ਨਾਲ ਮੁਲਾਕਾਤਾਂ ਕਰਕੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੇ ਪ੍ਰਾਪਤੀਆਂ ਬਾਰੇ ਵੇਰਵੇ ਸਹਿਤ ਚਰਚਾ ਕੀਤੀ ਗਈ। ਟੀਨੂੰ ਨੇ ਕਿਹਾ ਕਿ ਹੁਣੇ ਜਿਹੇ ਹੋਈ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੀ ਸੁਪਰੀਮ ਕੋਰਟ ਰਾਹੀਂ ਜ਼ਮਾਨਤ ਲੋਕਤੰਤਰ ਦੇ ਹੱਕ ਵਿੱਚ ਵੱਡਾ ਫਤਵਾ ਹੈ। ਮੋਦੀ ਸਰਕਾਰ

ਸੰਵਿਧਾਨ ਨੂੰ ਬਦਲਣ ਦੀ ਕੋਸ਼ਿਸ਼ ਵਿੱਚ ਹੈ ਜਿਸ ਨੂੰ ਤੁਹਾਡੇ ਸਾਰਿਆਂ ਦੇ ਸਹਿਯੋਗ ਨਾਲ ਨਾਕਾਮ ਕਰ ਦਿੱਤਾ ਜਾਏਗਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਪੇਸ਼ ਆਉਂਦੀਆਂ ਬੇਰੋਜ਼ਗਾਰੀ, ਗਰੀਬੀ, ਵੱਖ-ਵੱਖ ਸਕੀਮਾਂ ਲਈ ਫੰਡਾਂ ਨੂੰ ਜਾਰੀ ਕਰਵਾਉਣ ਅਤੇ ਸੂਬੇ ਦੀਆਂ ਹੋਰਨਾਂ ਲੋੜਾਂ ਲਈ ਸੰਸਦ ਵਿੱਚ ਜ਼ੋਰਦਾਰ ਅਵਾਜਜ਼ ਉਠਾਉਣ ਦੀ ਲੋੜ ਹੈ ਜੋ ਆਮ ਆਦਮੀ ਪਾਰਟੀ ਦੇ ਤੁਹਾਡੇ ਰਾਹੀਂ ਚੁਣੇ ਗਏ ਸੰਸਦ ਮੈਂਬਰ ਆਪਣੀ ਪੂਰੀ ਜ਼ੁੰਮੇਵਾਰੀ ਨਿਭਾਉਣਗੇ। ਪਵਨ ਟੀਨੂੰ ਵੱਲੋਂ ਇਸ ਮੌਕੇ ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਲੋਕ ਸਭਾ ਹਲਕਾ ਜਲੰਧਰ 'ਚ ਭਰਪੂਰ ਵਿਕਾਸ ਕਰਾਉਣ ਦੀ ਆਪਣੇ ਵੱਲੋਂ ਗਰੰਟੀ ਵੀ ਦਿੱਤੀ ਗਈ।

ਸਿੱਖ ਨੈਸ਼ਨਲ ਕਾਲਜ 'ਚ ਸੁਰਜੀਤ ਪਾਤਰ ਨੂੰ ਭਾਵਭਿੰਨੀ ਸ਼ਰਧਾਂਜਲੀ

ਬੰਗਾ (ਅਵਤਾਰ ਕਲੇਰ)

ਪੰਜਾਬੀ ਸਾਹਿਤ ਦੇ ਮਕਬੂਲ ਸ਼ਾਇਰ ਪਦਮਸ੍ਰੀ ਡਾ. ਸੁਰਜੀਤ ਪਾਤਰ ਦੇ ਸੰਸਾਰ ਛੱਡ ਜਾਣ ਦੀ ਦੁਖਦਾਇਕ ਖਬਰ ਪਿੱਛੋਂ ਸਿੱਖ ਨੈਸ਼ਨਲ ਕਾਲਜ ਚਰਨ ਕੰਵਲ ਬੰਗਾ ਦੇ ਸਮੂਹ ਟੀਚਿੰਗ ਤੇ ਨਾਨ-ਟੀਚਿੰਗ ਸਟਾਫ ਵੱਲੋਂ ਇੱਕ ਸ਼ੋਕ ਸਭਾ ਰੱਖੀ ਗਈ। ਇਸ ਮੌਕੇ ਸੁਰਜੀਤ ਪਾਤਰ ਦੇ ਸਰੀਰਕ ਤੌਰ 'ਤੇ ਤੁਰ ਜਾਣ ਨਾਲ ਪੰਜਾਬੀ ਅਦਬੀ ਜਗਤ ਨੂੰ ਹੋਏ ਅਸਹਿ ਤੇ ਅਕਹਿ ਘਾਟੇ ਬਾਰੇ ਗੱਲਬਾਤ ਕਰਦਿਆਂ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਸੁਰਜੀਤ ਪਾਤਰ ਦੀ ਸ਼ਖਸੀਅਤ ਦੇ ਗੁਣਾਂ ਬਾਰੇ ਵੀ ਚਾਨਣਾ ਪਾਇਆ ਤੇ ਉਨ੍ਹਾਂ ਨੇ ਪਾਤਰ ਦੀਆਂ ਸਿੱਖ ਨੈਸ਼ਨਲ ਕਾਲਜ ਬੰਗਾ ਵਿਖੇ ਆਮਦਾਂ ਤੇ ਕਾਲਜ ਨਾਲ ਉਨ੍ਹਾਂ ਦੀ ਮੁਹੱਬਤੀ ਸਾਂਝ ਬਾਰੇ ਵੀ ਜ਼ਿਕਰ ਕੀਤਾ। ਡਾ. ਨਿਰਮਲਜੀਤ ਕੌਰ ਮੁਖੀ ਪੰਜਾਬੀ ਵਿਭਾਗ ਨੇ ਸੁਰਜੀਤ ਪਾਤਰ ਦੀਆਂ ਰਚਨਾਵਾਂ ਦੇ ਹਵਾਲੇ ਨਾਲ ਉਨ੍ਹਾਂ ਦੁਆਰਾ ਦਿੱਤੇ ਸੰਸਾਰ ਨਾਸ਼ਮਾਨਤਾ ਦੇ ਸੁਨੇਹੇ ਦੀ ਗੱਲ ਕੀਤੀ। ਸ਼ੋਕ ਸਭਾ ਦੌਰਾਨ ਸੁਰਜੀਤ ਪਾਤਰ ਨੂੰ ਭਾਵਭਿੰਨੀ ਸ਼ਰਧਾਂਜਲੀ ਅਰਪਿਤ ਕਰਦਿਆਂ ਸਮੂਹ ਸਟਾਫ ਨੇ ਦੋ ਮਿੰਟ ਲਈ ਮੌਨ ਵੀ ਧਾਰਨ ਕੀਤਾ ਤੇ ਸਭ ਨੇ ਆਪੋ-ਆਪਣੇ ਸ਼ਬਦਾਂ ਰਾਹੀਂ ਪਾਤਰ ਨਾਲ ਜੁੜੀਆਂ ਯਾਦਾਂ ਦੀ ਵੀ ਸਾਂਝ ਪਾਈ। ਇਸ ਮੌਕੇ ਡਾ. ਇੰਦੂ ਰੱਤੀ, ਡਾ. ਰਾਜੇਸ਼ ਸ਼ਰਮਾ, ਡਾ. ਸੁਨਿਧੀ ਮਿਗਲਾਨੀ, ਪ੍ਰੋ. ਸੋਨਾ ਬਾਂਸਲ, ਪ੍ਰੋ.ਤਵਿੰਦਰ ਕੌਰ ਪਰਮਜੀਤ ਸਿੰਘ (ਸੁਪ੍ਰਿੰਟੈਂਡੈਂਟ), ਅਮਨਦੀਪ ਸਿੰਘ ਆਦਿ ਹਾਜ਼ਰ ਸਨ।

ਨਸ਼ਾ ਵੇਚਣ ਵਾਲੇ ਸਮਗਲਰ ਦੀ ਜਾਇਦਾਦ ਜ਼ਬਤ

ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)

ਜਿਲ੍ਹਾ ਪੁਲਸ ਮੁਖੀ ਸੁਰੇਦਰ ਲਾਂਬਾ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਟਾਂਡਾ ਪੁਲਸ ਨੇ ਨਸ਼ਾ ਸਮਗਲਰਾਂ ਖਿਲਾਫ ਵੱਡੀ ਕਾਰਵਾਈ ਉਹਨਾਂ ਦੀ ਪ੍ਰੋਪਰਟੀ ਨੂੰ ਤਸਦੀਕ ਕਰਦੇ ਹੋਏ ਨਸ਼ਾ ਸਮਗਲਰਾਂ ਦੀ ਪ੍ਰੋਪਰਟੀ ਜ਼ਬਤ ਕੀਤੀ ਹੈ। ਇਸ ਸੰਬੰਧੀ ਜਾਣਕਾਰੀ ਥਾਣਾ ਟਾਂਡਾ ਦੇ ਮੁਖੀ ਸਬ ਇੰਸਪੈਕਟਰ ਰਮਨ ਕੁਮਾਰ ਨੇ ਦੱਸਿਆ ਕਿ ਐਸ ਪੀ ਇੰਵੈਸਟੀਗੇਸ਼ਨ ਸਰਬਜੀਤ ਸਿੰਘ ਬਾਹੀਆ ਅਤੇ ਡੀ ਐਸ ਪੀ ਸਬ ਡਵੀਜਨ ਟਾਂਡਾ ਹਰਜੀਤ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਥਾਣਾ ਟਾਂਡਾ ਦੇ ਅਧੀਨ ਆਉਦੇ ਏਰੀਆ ਵਿੱਚ ਨਸ਼ਾ ਸਪਲਾਈ ਕਰਨ ਵਾਲੇ ਸਮਗਲਰਾ ਦੀ ਪ੍ਰੋਪਰਟੀ ਤਸਦੀਕ ਕਰਕੇ ਜਬਤ ਕੀਤੀ ਜਾ ਰਹੀ ਹੈ ਜਿਸ ਤਹਿਤ ਥੋੜੂ ਰਾਮ ਪੁੱਤਰ ਚੁੰਨੀ ਲਾਲ ਵਾਸੀ ਜਾਜਾ ਥਾਣਾ ਟਾਡਾ ਜਿਸ ਤੇ ਨਸ਼ਾ ਵੇਚਣ ਸੰਬੰਧੀ ਕੁੱਲ 6 ਮੁਕਦਮੇ ਦਰਜ ਸਨ ਜਿਹਨਾ 'ਚੋਂ ਡੋਡੇ ਚੂਰਾਪੋਸਤ ਦੇ 3 ਮੁਕਦਮੇ ਵਿੱਚ ਅਦਾਲਤ ਵੱਲੋਂ ਉਸ ਨੂੰ ਸਜਾ ਹੋ ਚੁੱਕੀ ਸੀ ਅਤੇ 3 ਮੁਕਦਮੇ ਅਦਾਲਤ ਵਿੱਚ ਚੱਲ ਰਹੇ ਹਨ, ਜਿਸ ਕਰਕੇ ਧਾਰਾ 68-ਐਫ ਐਨ ਡੀ ਪੀ ਐਸ ਐਕਟ ਤਹਿਤ ਦੋਸ਼ੀ ਥੋੜੂ ਰਾਮ ਦੀ ਪ੍ਰੋਪਰਟੀ

ਤਸਦੀਕ ਕਰਕੇ ਉਸ ਨੂੰ ਜਬਤ ਕਰਨ ਸੰਬੰਧੀ ਪ੍ਰਪੋਜਲ ਤਿਆਰ ਕਰਕੇ ਕੰਪੀਟੈਂਟ ਅਥਰਟੀ ਦਿਲੀ ਨੂੰ ਭੇਜੀ ਗਈ ਸੀ, ਜਿਸ ਤੇ ਕੰਪੀਟੈਂਟ ਅਥਰਟੀ ਦਿਲੀ ਵੱਲੋਂ 29 ਅਪ੍ਰੈਲ ਨੂੰ ਥੋੜੂ ਰਾਮ ਵੱਲੋਂ ਆਪਣੇ ਅਤੇ ਆਪਣੇ ਰਿਸ਼ਤੇਦਾਰਾਂ ਦੇ ਨਾਂਅ 'ਤੇ ਨਸ਼ਾ ਵੇਚ ਕੇ ਬਣਾਈ ਪ੍ਰਪੋਰਟੀ ਜਿਸ ਦੀ ਕੀਮਤ 27 ਲੱਖ 31 ਹਜ਼ਾਰ 355 ਰੁਪਏ ਹੈ ਨੂੰ ਜਬਤ ਕਰਨ ਦਾ ਹੁਕਮ ਦਿੱਤਾ ਗਿਆ। ਇਸ ਮੌਕੇ ਐਸ ਐਚ ਓ ਟਾਂਡਾ ਰਮਨ ਕੁਮਾਰ ਨੇ ਚੇਤਾਵਨੀ ਦਿੱਤੀ ਕਿ ਇਸ ਤੋਂ ਇਲਾਵਾ ਥਾਣਾ ਟਾਡਾ ਦੇ ਏਰੀਆ ਵਿੱਚ ਹੋਰ ਵੀ ਨਸ਼ਾ ਸਪਲਾਈ ਕਰਨ ਵਾਲਿਆਂ ਦੀ ਪ੍ਰੋਪਰਟੀ ਨੂੰ ਤਸਦੀਕ ਕਰਕੇ ਪ੍ਰੋਪਰਟੀ ਜਬਤ ਕੀਤੀ ਜਾਵੇਗੀ।

ਸਾਡੇ ਸੰਵਿਧਾਨਿਕ ਮੌਲਿਕ ਅਧਿਕਾਰ ਖ਼ਤਰੇ 'ਚ : ਡਾ. ਰਾਜ ਕੁਮਾਰ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)

ਦਸੂਹਾ ਹਲਕੇ ਦੇ ਪਿੰਡਾਂ ਵਿੱਚ ਚੋਣ ਪ੍ਰਚਾਰ ਕਰਦਿਆਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਰਾਜ ਕੁਮਾਰ ਨੇ ਦਸੂਹਾ ਵਿਧਾਇਕ ਕਰਮਬੀਰ ਸਿੰਘ ਘੁੰਮਣ ਦੇ ਨਾਲ ਹਜ਼ਰਤ ਬੀਬੀ ਫਾਤਿਮਾ ਜ਼ਾਹਰਾ ਦੀ ਮਜ਼ਾਰ 'ਤੇ ਸਜਦਾ ਕਰ ਆਪਣੀ ਚੁਣਾਵੀ ਮੀਟਿੰਗ ਦੀ ਸ਼ੁਰੂਆਤ ਕੀਤੀ। ਇਸ ਮੌਕੇ ਡਾ. ਰਾਜ ਨੇ ਲੋਕਾਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਅੱਜ ਸਾਡੇ ਸੰਵਿਧਾਨਿਕ-ਮੌਲਿਕ ਅਧਿਕਾਰ ਖ਼ਤਰੇ ਵਿੱਚ ਹਨ। ਜੇਕਰ ਭਾਜਪਾ ਦੀ ਸਰਕਾਰ ਦੁਬਾਰਾ ਬਣਦੀ ਹੈ ਤਾਂ ਇਹ ਸੰਵਿਧਾਨ ਬਦਲਣ ਦੀ ਪੂਰੀ ਤਿਆਰੀ 'ਚ ਹਨ ਅਤੇ ਇਸ ਦਾ ਖਾਮਿਆਜਾ ਸਾਡੇ ਦਲਿਤ ਅਤੇ ਪਿਛੜੇ ਵਰਗਾਂ ਨੂੰ ਭੁਗਤਣਾ ਪਵੇਗਾ। ਬਾਬਾ ਸਾਹਿਬ ਦੁਆਰਾ ਰਚਿਤ ਸੰਵਿਧਾਨ ਨੂੰ ਬਚਾਉਣ ਦੀ ਜਿੰਮੇਵਾਰੀ ਸਾਡੀ ਸਾਰਿਆਂ ਦੀ ਹੈ ਅਤੇ ਇਸ ਲਈ ਸਾਨੂੰ ਆਪਣੀ ਵੋਟ ਦਾ ਇਸਤੇਮਾਲ ਬਹੁਤ ਸੋਚ ਸਮਝ ਕੇ ਕਰਨਾ ਚਾਹੀਦਾ ਹੈ, ਇਹ ਵਿਚਾਰ ਜ਼ਾਹਿਰ ਕਰਦਿਆਂ ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਆਪ ਸਰਕਾਰ ਨੇ ਜੋ ਕੰਮ ਪਿਛਲੇ 2 ਸਾਲ ਵਿੱਚ ਕਰ ਵਿਖਾਏ ਹਨ, ਉਸ ਨੂੰ ਮੱਦੇਨਜ਼ਰ ਰੱਖਦਿਆਂ ਕੇਂਦਰ ਵਿੱਚ ਵੀ 'ਆਪ' ਨੂੰ ਇਕ ਮੌਕਾ ਜਨਤਾ ਜ਼ਰੂਰ ਦੇਵੇ। ਡਾ. ਰਾਜ ਨੇ ਆਪਣੇ ਹਲਕਾ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਮੌਕਾ ਦਿੱਤੇ ਜਾਣ 'ਤੇ ਉਹ ਆਪਣੇ ਹਲਕੇ ਦੀ ਬਿਹਤਰੀ ਲਈ ਹਰ ਬਣਦੀ ਕੋਸ਼ਿਸ਼ ਕਰ ਆਪਣੇ ਹਲਕੇ ਨੂੰ ਵਿਕਾਸ ਦੀਆਂ ਨਵੀਆਂ ਉਚਾਈਆਂ 'ਤੇ ਲੈ ਕੇ ਜਾਣਗੇ।

ਪ੍ਰਦੂਸ਼ਣ ਸੰਬੰਧੀ ਐਕਸ਼ਨ ਪਲੈਨ ਸਿਰਫ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਵੈਬਸਾਈਟ ਤੱਕ ਹੀ ਸੀਮਤ : ਧੀਮਾਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)

ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪ੍ਰਦੂਸ਼ਣ ਨੂੰ ਰੋਕਣ ਸਬੰਧੀ ਸਾਰੇ ਐਕਸ਼ਨ ਪਲੈਨ ਕਾਗਜ਼ਾਂ ਧੂੜ ਚੱਟ ਰਹੇ ਹਨ। ਮਈ 2022 ਵਿਚ ਬਣਿਆ ਐਕਸ਼ਨ ਪਲੈਨ ਫਲੈਕਸਾਂ ਦੀ ਭੇਟ ਤੱਕ ਹੀ ਸੀਮਤ ਰਿਹਾ। ਇਸ ਸਬੰਧੀ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਕਿਹਾ ਕਿ ਖੇਤਾਂ 'ਚ ਪੰਜਾਬ ਸਰਕਾਰ ਦੀ ਅਣਗਹਿਲੀ ਸਦਕਾ ਕਣਕ ਦੀ ਨਾੜ ਨੂੰ ਲਗਾਤਾਰ ਲੱਗ ਰਹੀਆਂ ਅੱਗਾਂ ਅਤੇ ਉਨ੍ਹਾਂ ਕਾਰਨ ਬਣ ਰਹੀ ਵਿਨਾਸ਼ਕਾਰੀ ਸਥਿਤੀ ਲਈ ਮੁੱਖ ਮੰਤਰੀ ਪੰਜਾਬ ਜੀ ਦੀ ਚੁੱਪੀ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਸਰਕਾਰ ਸਿਹਤਮੰਦ ਪੰਜਾਬ ਨਹੀਂ ਬਿਮਾਰ ਪੰਜਾਬ ਨੂੰ ਜਨਮ ਦੇ ਰਹੀ ਹੈ। ਧੀਮਾਨ ਨੇ ਕਿਹਾ ਕਿ ਕਣਕ ਦੀ ਨਾੜ ਸਾੜਨ ਨਾਲ ਕਾਰਬਨ ਮੋਨੋਅਕਸਾਇਡ, ਮੀਥੇਨ, ਕਾਰਬਨ ਡਾਇਕਸਾਇਡ, ਹਾਈਡਰੋਕਾਰਬਨ ਅਤੇ ਹੋਰ ਬਹੁਤ ਸਾਰੇ ਆਰਗੈਨਿਕ ਪਦਾਰਥ ਪੈਦਾ ਹੁੰਦੇ ਹਨ ਅਤੇ ਉਸ ਧੂੰਏਂ ਕਾਰਨ ਦਮਾ, ਕੈਂਸਰ, ਸਾਹ ਦੀਆਂ ਭਿਆਨਕ ਬਿਮਾਰੀਆਂ ਆਦਿ ਸਭ ਪੈਦਾ ਹੁੰਦੀਆਂ ਹਨ ਪਰ ਬੜੇ ਦੁੱਖ ਦੀ ਗੱਲ ਹੈ ਕਿ ਮੁੱਖ ਮੰਤਰੀ ਪੰਜਾਬ ਸਭ ਕੁਝ ਫਲੈਕਸਾਂ ਉਤੇ ਹੀ ਤੰਦਰੁਸਤੀ ਵਿਖਾ ਰਹੇ ਹਨ। ਧੀਮਾਨ ਨੇ ਕਿਸਾਨੀ ਵੇਸਟ ਨੂੰ ਨਾ ਸਾੜਨ ਪ੍ਰਤੀ ਬਣਾਇਆ ਗਿਆ ਐਕਸ਼ਨ ਪਲੈਨ ਦਾ ਖੁਲਾਸਾ ਕਰਦਿਆਂ ਦੱਸਿਆ